ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 18 ਨਵੰਬਰ 2024 (ਨਾਨਕਸ਼ਾਹੀ ਸੰਮਤ : ੫੫੬, ੩ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

Exclusive News

## ਵਿਦੇਸ਼ਾਂ 'ਚ ਡਾਲਰ ਕਮਾਉਣ ਵਾਲਿਆਂ ਨੂੰ ਭਾਰਤ ਸਰਕਾਰ ਦਾ ਵੱਡਾ ਝਟਕਾ ! ਜਾਣਕਾਰੀ ਨਾ ਦੇਣ ਵਾਲਿਆਂ ਨੂੰ 10 ਲੱਖ ਤੱਕ ਜੁਰਮਾਨਾ



ਨਵੀਂ ਦਿੱਲੀ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)-ਭਾਰਤੀ ਇਨਕਮ ਟੈਕਸ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਇਨਕਮ ਟੈਕਸ ਰਿਟਰਨ 'ਚ ਵਿਦੇਸ਼ਾਂ 'ਚ ਸਥਿਤ ਜਾਇਦਾਦ ਜਾਂ ਵਿਦੇਸ਼ 'ਚ ਕਮਾਈ ਦਾ ਖੁਲਾਸਾ ਨਾ ਕਰਨ 'ਤੇ 10 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਕਾਲੇ ਧਨ ਵਿਰੋਧੀ ਕਾਨੂੰਨ ਤਹਿਤ 10 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਜਾ ਸਕਦਾ ਹੈ। ਵਿਭਾਗ ਵੱਲੋਂ ਇਹ ਇਸ ਲਈ ਵੀ ਯਾਦ ਦਿਵਾਇਆ ਗਿਆ ਹੈ ਕਿਉਂਕਿ ਦੇਰੀ ਨਾਲ ਤੇ ਸੰਸ਼ੋਧਿਤ ਆਈਟੀਆਰ ਫਾਈਲ ਕਰਨ ਦੀ ਆਖਰੀ ਮਿਤੀ 31 ਦਸੰਬਰ ਹੈ। ਇਨਕਮ ਟੈਕਸ ਵਿਭਾਗ ਨੇ ਸ਼ਨੀਵਾਰ ਨੂੰ ਕੰਪਲਾਇਸ-ਕਮ-ਜਾਗਰੂਕਤਾ ਮੁਹਿੰਮ ਤਹਿਤ ਟੈਕਸਦਾਤਾਵਾਂ ਲਈ ਇੱਕ ਜਨਤਕ ਸਲਾਹ ਪੱਤਰ ਜਾਰੀ ਕੀਤਾ ਹੈ। ਇਸ 'ਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਟੈਕਸਦਾਤਾਵਾਂ ਨੂੰ ਇਸ ਸਾਲ 2024-25 ਦੇ ਮੁਲਾਂਕਣ ਲਈ ਆਪਣੇ ਇਨਕਮ ਟੈਕਸ ਰਿਟਰਨ (ਆਈਟੀਆਰ) 'ਚ ਅਜਿਹੀ ਜਾਣਕਾਰੀ ਦਰਜ ਕਰਨੀ ਚਾਹੀਦੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਨੂੰ ਲੁਕਾਉਣਾ ਨਹੀਂ ਚਾਹੀਦਾ। ਕੰਸਲਟੇਸ਼ਨ ਪੱਤਰ ਵਿੱਚ ਸਪੱਸ਼ਟ ਕੀਤਾ ਗਿਆ ਹੈ ਕਿ ਭਾਰਤ ਦੇ ਟੈਕਸ ਰੈਜ਼ੀਡੈਂਟ ਲਈ ਪਿਛਲੇ ਸਾਲ ਦੀਆਂ ਕੁਝ ਮਹੱਤਵਪੂਰਨ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਜੇਕਰ ਉਹ ਇਸ ਤਹਿਤ ਤੈਅ ਕੀਤੇ ਗਏ ਕੁਝ ਟੈਕਸ ਸਬੰਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਏ ਹਨ, ਤਾਂ ਭਾਰਤ ਵਿੱਚ ਇਸ 'ਤੇ ਟੈਕਸ ਦੇਣਦਾਰੀ ਹੋਵੇਗੀ ਤੇ ਇਸ ਨੂੰ ਆਈਟੀਆਰ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ। ਵਿਦੇਸ਼ੀ ਸੰਪਤੀਆਂ ਵਿੱਚ ਬੈਂਕ ਖਾਤੇ, ਨਕਦ ਮੁੱਲ ਬੀਮਾ ਇਕਰਾਰਨਾਮੇ ਜਾਂ ਸਾਲਾਨਾ ਇਕਰਾਰਨਾਮੇ, ਕਿਸੇ ਯੂਨਿਟ ਜਾਂ ਕਾਰੋਬਾਰ ਵਿੱਚ ਵਿੱਤੀ ਹਿੱਤ, ਰੀਅਲ ਅਸਟੇਟ, ਇਕੁਇਟੀ ਤੇ ਲੋਨ ਇੰਟਰੈਸਟ, ਟਰੱਸਟ ਜਿਸ ਵਿੱਚ ਵਿਅਕਤੀ ਟਰੱਸਟੀ ਹੈ, ਸੈਟਲਰ ਦਾ ਲਾਭਪਾਤਰੀ, ਹਸਤਾਖਰ ਅਥਾਰਟੀ ਵਾਲੇ ਖਾਤੇ, ਅਭੀਰਕਸ਼ਕ ਖਾਤੇ, ਵਿਦੇਸ਼ੀ ਵਿੱਚ ਕੋਈ ਵੀ ਪੂੰਜੀ ਲਾਭ ਸੰਪਤੀਆਂ ਆਦਿ ਸ਼ਾਮਲ ਹਨ।

## ਫ਼ਰੀਦਕੋਟ 'ਚ ਵੱਡੇ ਭਰਾ ਨੇ ਕੀਤਾ ਛੋਟੇ ਭਰਾ ਦਾ ਕਤਲ, ਗਰਮ ਪਾਣੀ ਨਾਲ ਨਹਾਉਣ ਨੂੰ ਲੈ ਕੇ ਹੋਇਆ ਝਗੜਾ

ਫਰੀਦਕੋਟ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)- ਫਰੀਦਕੋਟ ਦੇ ਜੈਤੋ ਕਸਬੇ ਵਿੱਚ ਗਰਮ ਪਾਣੀ ਨਾਲ ਨਹਾਉਣ ਨੂੰ ਲੈ ਕੇ ਹੋਏ ਮਾਮੂਲੀ ਝਗੜੇ ਕਾਰਨ ਇੱਕ ਵਿਅਕਤੀ ਨੇ ਆਪਣੇ ਛੋਟੇ ਭਰਾ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਮ੍ਰਿਤਕ ਦੀ ਪਛਾਣ 23 ਸਾਲਾ ਕੁਲਦੀਪ ਸਿੰਘ ਉਰਫ਼ ਗਗਨ ਵਜੋਂ ਹੋਈ ਹੈ। ਸੂਚਨਾ ਤੋਂ ਬਾਅਦ ਥਾਣਾ ਜੈਤੋ ਦੀ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਇਹ ਘਟਨਾ ਸ਼ਨੀਵਾਰ ਰਾਤ ਕਰੀਬ 10 ਵਜੇ ਟਿੱਬੀ ਸਾਹਿਬ ਰੋਡ 'ਤੇ ਵਾਪਰੀ। ਕੁਲਦੀਪ ਸਿੰਘ ਉਰਫ਼ ਗਗਨ ਜੋ ਡੀਜੇ ਗਰੁੱਪ ਨਾਲ ਕੰਮ ਕਰਦਾ ਹੈ, ਕੰਮ 'ਤੇ ਜਾਣ ਦੀ ਤਿਆਰੀ ਕਰ ਰਿਹਾ ਸੀ ਜਿਸ ਲਈ ਉਹ ਨਹਾਉਣ ਲਈ ਪਾਣੀ ਗਰਮ ਕਰ ਰਿਹਾ ਸੀ। ਇਸ ਦੌਰਾਨ ਉਨ੍ਹਾਂ ਦੇ ਵੱਡੇ ਭਰਾ ਗੁਰਮੀਤ ਸਿੰਘ ਜੀਤਾ ਨੇ ਵੀ ਗਰਮ ਪਾਣੀ ਨਾਲ ਨਹਾਉਣਾ ਚਾਹਿਆ ਤਾਂ ਇਸ ਤੋਂ ਬਾਅਦ ਦੋਵਾਂ ਭਰਾਵਾਂ ਵਿੱਚ ਇਸ ਨੂੰ ਲੈ ਝਗੜਾ ਹੋ ਗਿਆ।




### ਹੁਣ ਕੀ ਹੋਏਗਾ ਅਕਾਲੀ ਦਲ ਦਾ ਭਵਿੱਖ ?

# ਸੁਖਬੀਰ ਬਾਦਲ ਦਾ ਮਾਸਟਰ ਸਟ੍ਰੋਕ ਜਾਂ ਫਿਰ 3 ਦਹਾਕਿਆਂ ਦੇ ਸਿਆਸੀ ਦਬਦਬੇ ਦਾ ਅੰਤ ?

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇਣ ਨਾਲ ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਮੱਚ ਗਈ ਹੈ। ਬਹੁਤ ਸਾਰੇ ਸਿਆਸੀ ਮਾਹਿਰ ਇਸ ਨੂੰ ਸੁਖਬੀਰ ਬਾਦਲ.....

### ਆਵਾਜ਼ਿ ਕੌਮ ਦੀ ਵਿਸ਼ੇਸ਼ ਰਿਪੋਰਟ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫਾ ਦੇਣ ਨਾਲ ਪੰਜਾਬ ਦੇ ਸਿਆਸੀ ਗਲਿਆਰਿਆਂ ਵਿੱਚ ਹਲਚਲ ਮੱਚ ਗਈ ਹੈ। ਬਹੁਤ ਸਾਰੇ ਸਿਆਸੀ ਮਾਹਿਰ ਇਸ ਨੂੰ ਸੁਖਬੀਰ ਬਾਦਲ ਦਾ ਮਾਸਟਰ ਸਟ੍ਰੋਕ ਮੰਨ ਰਹੇ ਹਨ। ਦੂਜੇ ਪਾਸੇ ਇਹ ਵੀ ਚਰਚਾ ਹੈ ਕਿ ਇਸ ਨਾਲ ਬਾਦਲ ਪਰਿਵਾਰ ਦਾ ਤਿੰਨ ਦਹਾਕਿਆਂ ਤੋਂ ਵੱਧ ਅਕਾਲੀ ਸਿਆਸਤ ਵਿੱਚ ਦਬਦਬਾ ਖ਼ਤਮ ਹੋ ਗਿਆ ਹੈ। ਪਾਰਟੀ ਨੂੰ ਹੁਣ ਨਵੀਂ ਲੀਡਰਸ਼ਿਪ ਦੀ ਤਲਾਸ਼ ਹੈ। ਇਸ ਲਈ ਬਾਦਲ ਪਰਿਵਾਰ ਹੁਣ ਹਾਸ਼ੀਏ ਉਪਰ ਚਲਿਆ ਜਾਏਗਾ। ਦਰਅਸਲ ਸੁਖਬੀਰ ਬਾਦਲ ਦਾ ਅਸਤੀਫਾ ਉਸ ਵੇਲੇ ਆਇਆ ਹੈ ਜਦੋਂ ਪਾਰਟੀ ਕਈ ਚੁਣੌਤੀਆਂ ਵਿਚਕਾਰ ਘਿਰੀ ਹੋਈ ਹੈ। ਕਈ ਚੋਣਾਂ ਵਿੱਚ ਲਗਾਤਾਰ ਹਾਰ, ਪਾਰਟੀ ਦੀ ਅੰਦਰੂਨੀ ਬਗਾਵਤ ਤੇ ਪੰਥਕ ਵੋਟ ਦੀ ਨਿਰਾਸ਼ਾ ਨੇ ਅਕਾਲੀ ਦਲ ਨੂੰ ਬੁਰੀ ਤਰ੍ਹਾਂ ਝੰਜੋੜ ਸੁੱਟਿਆ ਹੈ। ਇਸ ਦੇ ਨਾਲ ਹੀ 30 ਸਾਲਾਂ ਤੋਂ ਵੱਧ ਸਮੇਂ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਬਾਦਲ ਪਰਿਵਾਰ ਦਾ ਕੋਈ ਵੀ ਮੈਂਬਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨਹੀਂ ਕਰੇਗਾ। ਦੱਸ ਦਈਏ ਕਿ ਅਜਿਹਾ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਸ਼੍ਰੋਮਣੀ ਅਕਾਲੀ ਦਲ ਵਿੱਚ ਬਗਾਵਤ ਦੇ ਵਧਣ ਤੇ ਸੁਧਰ ਲਹਿਰ ਨਾਮ ਦੇ ਵੱਖਰੇ ਧੜੇ ਦੇ ਗਠਨ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਖ਼ਤ ਰਵੱਈਏ ਨੂੰ ਦੇਖਦਿਆਂ ਸੁਖਬੀਰ ਬਾਦਲ ਨੇ ਸਭ ਤੋਂ ਪਹਿਲਾਂ ਆਪਣੇ ਕਰੀਬੀ ਸਾਥੀ ਬਲਵਿੰਦਰ ਸਿੰਘ ਭੂੰਦੜ ਨੂੰ ਪਾਰਟੀ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤਾ ਸੀ। ਇਸ ਦੇ ਬਾਵਜੂਦ ਅਕਾਲੀ ਦਲ ਦਾ ਕਲੇਸ਼ ਵਧਦਾ ਗਿਆ ਤੇ ਆਖਰ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਛੱਡਣੀ ਹੀ ਪਈ। ਹੁਣ ਧਾਰਨਾ ਇਹ ਬਣੀ ਹੈ ਕਿ ਪੰਥਕ ਵੋਟ ਅਕਾਲੀ ਦਲ ਤੋਂ ਨਹੀਂ ਸਗੋਂ ਬਾਦਲ ਪਰਿਵਾਰ ਤੋਂ ਖਫਾ ਹੈ। ਇਸ ਲਈ ਬਾਦਲ ਪਰਿਵਾਰ ਦਾ ਅਕਾਲੀ ਦਲ ਤੋਂ ਲਾਂਭੇ ਹੋਣਾ ਤੈਅ ਹੀ ਹੈ। ਦੂਜੇ ਪਾਸੇ ਬਹੁਤ ਸਾਰੇ ਸਿਆਸੀ ਮਾਹਿਰ ਇਸ ਨੂੰ ਸੁਖਬੀਰ ਬਾਦਲ ਦਾ ਮਾਸਟਰ ਸਟ੍ਰੋਕ ਮੰਨ ਰਹੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸੁਖਬੀਰ ਬਾਦਲ ਨੇ ਤਨਖਾਹੀਆ ਐਲਾਨੇ ਜਾਣ ਤੋਂ ਬਾਅਦ ਪੰਥਕ ਸਿਆਸਤ ਵਿੱਚ ਆਪਣੀ ਸਰਦਾਰੀ ਕਾਇਮ ਰੱਖਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਦੀਆਂ ਚੋਣਾਂ ਵਿੱਚ ਆਪਣੇ ਭਰੋਸੇਯੋਗ ਹਰਜਿੰਦਰ ਸਿੰਘ ਧਾਮੀ ਦਾ ਨਾਂ ਅੱਗੇ ਰੱਖਿਆ। ਉਨ੍ਹਾਂ ਦੇ ਐਸਜੀਪੀਸੀ ਪ੍ਰਧਾਨ ਬਣਦਿਆਂ ਹੀ ਸੁਖਬੀਰ ਬਾਦਲ ਨੇ ਆਪਣਾ ਦੂਜਾ ਦਾਅ ਖੇਡਿਆ ਹੈ। ਇਸ ਤਹਿਤ ਹੁਣ ਆਪਣੇ ਅਸਤੀਫ਼ੇ ਰਾਹੀਂ ਸੁਖਬੀਰ ਬਾਦਲ ਨੇ ਆਪਣਾ ਮਾਸਟਰ ਸਟਰੋਕ ਖੇਡਦੇ ਹੋਏ ਅਕਾਲੀ ਦਲ ਨੂੰ ਭੰਬਲਭੂਸੇ 'ਚੋਂ ਕੱਢਣ ਤੋਂ ਇਲਾਵਾ ਪੰਥਕ ਸਿਆਸਤ ਤੇ ਪੰਥਕ ਏਕਤਾ ਦੇ ਸਹਾਰੇ ਆਪਣਾ ਗੁਆਚਿਆ ਸਿਆਸੀ ਆਧਾਰ ਮੁੜ ਹਾਸਲ ਕਰਨ ਲਈ ਅਹਿਮ ਕਦਮ ਚੁੱਕਿਆ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

## ਸੁਖਬੀਰ ਸਿੰਘ ਬਾਦਲ ਨੇ ਪਾਰਟੀ ਪ੍ਰਧਾਨ ਦੀ ਚੋਣ ਤੋਂ ਪਹਿਲਾਂ ਹੀ ਕਿਉਂ ਦਿੱਤਾ ਅਸਤੀਫਾ ?

**ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸ਼ਨੀਵਾਰ** (16 ਨਵੰਬਰ) ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਪਾਰਟੀ ਦੀ ਵਰਕਿੰਗ ਕਮੇਟੀ ਨੂੰ ਆਪਣਾ ਅਸਤੀਫ਼ਾ ਸੌਂਪ ਦਿੱਤਾ ਹੈ ਅਤੇ ਸੋਮਵਾਰ ਨੂੰ ਹੋਣ ਵਾਲੀ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਅਸਤੀਫ਼ੇ 'ਤੇ ਵਿਚਾਰ ਕੀਤਾ ਜਾਵੇਗਾ। ਪਰ ਸਵਾਲ ਇਹ ਹੈ ਕਿ ਉਨ੍ਹਾਂ ਨੇ ਦਸੰਬਰ 'ਚ ਪ੍ਰਧਾਨ ਦੇ ਅਹੁਦੇ ਲਈ ਚੋਣ ਤੋਂ ਪਹਿਲਾਂ ਹੀ ਉਨ੍ਹਾਂ ਨੇ ਇਹ ਫੈਸਲਾ ਕਿਉਂ ਲਿਆ ? ਦਰਅਸਲ, ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਅਜਿਹੇ ਸਮੇਂ ਆਇਆ ਹੈ ਜਦੋਂ ਪਾਰਟੀ ਦੇ ਅੰਦਰੋਂ ਹੀ ਸੁਖਬੀਰ ਬਾਦਲ ਖਿਲਾਫ ਬਾਗੀ ਸੁਰਾਂ ਉੱਠ ਰਹੀਆਂ ਸਨ। ਪਾਰਟੀ ਦੇ ਕੁਝ ਆਗੂਆਂ ਨੇ ਸੁਖਬੀਰ ਬਾਦਲ ਨੂੰ ਪਾਰਟੀ ਪ੍ਰਧਾਨ ਦੇ ਅਹੁਦੇ ਤੋਂ ਹਟਾਉਣ ਦੀ ਮੰਗ ਨੂੰ ਲੈ ਕੇ ਜੂਨ ਮਹੀਨੇ ਵਿਚ ਮੋਰਚਾ ਖੋਲ੍ਹਿਆ ਸੀ ਅਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਨਾਂ ਨਾਲ ਮੁਹਿੰਮ ਵੀ ਚਲਾਈ ਸੀ। ਉਧਰ, ਪਾਰਟੀ ਆਗੂ ਦਲਜੀਤ ਸਿੰਘ ਚੀਮਾ ਨੇ ਕਿਹਾ ਹੈ ਕਿ ਇਹ ਰੁਟੀਨ ਦਾ ਕੰਮ ਹੈ ਕਿਉਂਕਿ ਪਾਰਟੀ ਪ੍ਰਧਾਨ ਦੀ ਚੋਣ ਦਸੰਬਰ ਵਿੱਚ ਹੋਣੀ ਹੈ, ਇਸ ਲਈ ਸੁਖਬੀਰ ਬਾਦਲ ਪਹਿਲਾਂ ਹੀ ਅਸਤੀਫ਼ਾ ਦੇ ਚੁੱਕੇ ਹਨ। ਹਾਲਾਂਕਿ ਉਨ੍ਹਾਂ ਨੇ ਕਿਹਾ ਕਿ ਪਾਰਟੀ ਵਿੱਚੋਂ ਬਾਗੀ ਧੜੇ ਜੋ ਸੁਖਬੀਰ ਬਾਦਲ ਦੇ ਅਸਤੀਫ਼ੇ ਦੀ ਮੰਗ ਕਰ ਰਹੇ ਸਨ, ਉਹ ਗ਼ਲਤ ਸੀ ਕਿਉਂਕਿ ਅੱਜ ਵੀ ਪਾਰਟੀ ਦੇ ਬਹੁਤੇ ਆਗੂ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਭਰੋਸਾ ਪ੍ਰਗਟਾਉਂਦੇ ਹਨ। ਉਨ੍ਹਾਂ ਕਿਹਾ ਹੈ ਕਿ ਦਸੰਬਰ ਵਿੱਚ ਪਾਰਟੀ ਪ੍ਰਧਾਨ ਲਈ ਹੋਣ ਵਾਲੀਆਂ ਚੋਣਾ ਵਿੱਚ ਹਿੱਸਾ ਲੈ ਸਕਦਾ ਹੈ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਵੀ ਸ਼ਾਮਲ ਹਨ।

# ਬਾਬਾ ਜੋਗਿੰਦਰ ਸਿੰਘ ਖਾਲਸਾ ਜੀ ਦੀ ਸਾਲਾਨਾ ਬਰਸੀ ਅੱਜ



ਬਾਬਾ ਜੋਗਿੰਦਰ ਸਿੰਘ ਖਾਲਸਾ ਜੀ ਦੇ ਜੀਵਨ ਸੰਬੰਧੀ ਵਿਸ਼ੇਸ਼ ਲੇਖ ਸਫ਼ਾ 8 'ਤੇ ਪੜ੍ਹੋ

ਜਲੰਧਰ, 17 ਨਵੰਬਰ (ਆਵਾਜ਼ਿ ਕੌਮ ਬਿਊਰੋ)-20ਵੀਂ ਸਦੀ ਦੇ ਮਹਾਨ ਯੋਧੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਬਾਬਾ ਜੋਗਿੰਦਰ ਸਿੰਘ ਜੀ ਦੀ ਸਾਲਾਨਾ ਬਰਸੀ 18 ਨਵੰਬਰ 2024 ਦਿਨ ਸੋਮਵਾਰ ਨੂੰ ਗੁਰਦੁਆਰਾ ਸੰਤ ਖਾਲਸਾ ਪਿੰਡ ਰੋਡੇ ਵਿਖੇ ਮਨਾਈ ਜਾ ਰਹੀ ਹੈ। ਬਾਬਾ ਜੀ ਕਿਸਾਨੀ ਜੀਵਨ ਦੀ ਕਿਰਤ ਦੇ ਨਾਲ ਸਿੱਖੀ ਅਸੂਲਾਂ ਦੇ ਬਹੁਤ ਪ੍ਰਪੱਕ ਸਨ। ਛੋਟੀ ਉਮਰ ਤੋਂ ਹੀ ਉਨ੍ਹਾਂ ਦਾ ਸਬੰਧ ਦਮਦਮੀ ਟਕਸਾਲ ਦੇ ਉਸ ਸਮੇਂ ਦੇ ਮੁਖੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨਾਲ ਬਹੁਤ ਨੇੜਤਾ ਵਾਲੇ ਸਬੰਧ ਸਨ। ਬਾਬਾ ਜੀ ਇਲਾਕੇ ਵਿੱਚ ਗਤਕੇ ਦੇ ਜਥੇਦਾਰ ਵੀ ਸਨ। ਗੁਰਦੁਆਰਿਆਂ ਦੀ ਆਜ਼ਾਦੀ ਲਈ ਉਨ੍ਹਾਂ ਨੇ ਸੰਤ ਬਾਬਾ ਕਿਰਪਾਲ ਸਿੰਘ ਰੋਡੇ ਹੁਰਾਂ ਨਾਲ ਮਿਲ ਕੇ ਇਲਾਕੇ ਦੇ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਦੀਨਾ ਸਾਹਿਬ (ਜ਼ਫਰਨਾਮਾ) ਮਹੰਤਾਂ ਤੋਂ ਆਜ਼ਾਦ ਕਰਵਾਇਆ ਸੀ। ਉਹ ਪਿੰਡ ਦੇ ਸਰਪੰਚ ਵੀ ਰਹੇ। ਪੰਜਾਬੀ ਸੂਬੇ ਤੋਂ ਲੈ ਕੇ ਅਕਾਲੀ ਦਲ ਵੱਲੋਂ ਹੱਕੀ ਮੰਗਾਂ ਲਈ ਲਾਏ ਗਏ ਸਾਰੇ ਮੋਰਚਿਆਂ ਵਿੱਚ ਗ੍ਰਿਫਤਾਰੀ ਵੀ ਦਿੱਤੀ। 1984 ਦੇ ਘੱਲੂਘਾਰੇ ਸਮੇਂ ਜਦੋਂ ਮੌਕੇ ਦੀ ਕਾਂਗਰਸੀ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਉੱਪਰ ਤੋਪਾਂ ਅਤੇ ਟੈਂਕਾਂ ਨਾਲ ਹਮਲਾ ਕਰ ਦਿੱਤਾ ਸੀ ਤਾਂ ਬਹੁਤ ਸਾਰੇ ਬਦਾਹਰ ਸਿਦਕੀ ਸਿੰਘਾਂ ਦੇ ਨਾਲ ਬਾਬਾ ਜੀ ਦੇ ਪੁੱਤਰ, ਪੋਤਰਿਆਂ ਸਮੇਤ ਕਈ ਰਿਸ਼ਤੇਦਾਰ ਵੀ ਭਾਰਤੀ ਫੌਜਾਂ ਦਾ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਸਨ। ਇਸ ਵੱਡੀ ਘਟਨਾ ਸਮੇਂ ਵੀ ਬਾਬਾ ਜੀ ਆਪਣੇ ਸਿਦਕੀ ਸੁਭਾਅ ਮੁਤਾਬਕ ਸਹਿਜ ਅਵਸਥਾ ਵਿੱਚ ਰਹੇ ਅਤੇ ਹਰ ਇੱਕ ਸਿੱਖ ਨੂੰ ਤਿਆਰ-ਬਰ-ਤਿਆਰ ਰਹਿਣ ਲਈ ਪ੍ਰੇਰਿਆ। ਸਿੱਖ ਸੰਗਤਾਂ ਦੀ ਭਾਰੀ ਮੰਗ 'ਤੇ ਬਾਬਾ ਜੀ ਨੇ ਗੁਰਸਿੱਖੀ ਪ੍ਰਚਾਰ ਅਰੰਭਿਆ ਅਤੇ ਪੂਰੇ ਪੰਜਾਬ ਵਿੱਚ ਅੰਮ੍ਰਿਤ ਸੰਚਾਰ ਦੀ ਲਹਿਰ ਚਲਾਈ। ਇਸੇ ਦੌਰਾਨ ਸੰਗਤਾਂ ਨੇ ਅਤੇ ਮੌਜੂਦਾ ਅਕਾਲੀ ਲੀਡਰਾਂ ਨੇ ਮਿਲ ਕੇ ਬਾਬਾ ਜੀ ਨੂੰ ਅਕਾਲੀ ਦਲ ਦੀ ਵਾਗਡੋਰ ਸੰਭਾਲੀ। ਬਾਬਾ ਜੀ ਨੇ ਸਭ ਨੂੰ ਇਕੱਠਿਆਂ ਕਰਕੇ ਸੰਯੁਕਤ ਅਕਾਲੀ ਦਲ ਕਾਇਮ ਕੀਤਾ ਅਤੇ ਥੋੜੇ ਸਮੇਂ ਵਿੱਚ ਹੀ 1989 ਨੂੰ ਲੋਕ ਸਭਾ ਚੋਣਾਂ ਵਿੱਚ ਭਾਰੀ ਜਿੱਤ ਪ੍ਰਾਪਤ ਕੀਤੀ। ਉਨ੍ਹਾਂ ਦੀ ਅਗਵਾਈ ਵਿੱਚ ਹੋਰ ਬਹੁਤ ਸਾਰੀਆਂ ਵੱਡੀਆਂ ਘਟਨਾਵਾਂ ਵਾਪਰੀਆਂ ਜਿਸ ਨੂੰ ਵੱਖਰੇ ਲੇਖ ਵਿੱਚ ਲਿਖਿਆ ਜਾਵੇਗਾ। ਹਰ ਸਾਲ ਦੀ ਤਰ੍ਹਾਂ 18 ਨਵੰਬਰ ਨੂੰ 10 ਵਜੇ ਤੋਂ ਲੈ ਕੇ 2 ਵਜੇ ਤੱਕ ਗੁਰਮਤਿ ਸਮਾਗਮ ਹੋਵੇਗਾ। ਸਭ ਸੰਤਾਂ- ਮਹਾਪੁਰਖਾਂ, ਨਿਹੰਗ ਸਿੰਘ ਜਥੇਬੰਦੀਆਂ, ਅਕਾਲੀ ਦਲ ਦੇ ਹਮਖਿਆਲੀ ਆਗੂਆਂ, ਸਿੱਖ ਫੈਡਰੇਸ਼ਨਾਂ, ਕਿਸਾਨ ਜਥੇਬੰਦੀਆਂ ਸਮੇਤ ਸਭ ਸੰਗਤਾਂ ਨੂੰ ਪਹੁੰਚਣ ਦੀ ਨਿਮਰਤਾ ਸਹਿਤ ਬੇਨਤੀ ਕੀਤੀ ਗਈ ਹੈ।

ਆਵਾਜ਼ਿ ਕੌਮ
AWAZE QAUM
International Newspaper & WEB TV

### ਕੈਨੇਡਾ ਸਰਕਾਰ ਦਾ ਪਰਵਾਸੀਆਂ ਨੂੰ ਇੱਕ ਹੋਰ ਵੱਡਾ ਝਟਕਾ !

## ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀ ਵੱਡੀ ਗਿਣਤੀ ਹੋਣਗੇ ਡਿਪੋਰਟ



ਟੋਰਾਂਟੋ, 17 ਨਵੰਬਰ (ਆਵਜ਼ਿ ਕੌਮ ਬਿਊਰੋ): ਕੈਨੇਡਾ ਸਰਕਾਰ ਪਰਵਾਸੀਆਂ ਨੂੰ ਇੱਕ ਹੋਰ ਵੱਡਾ ਝਟਕਾ ਦੇਣ ਜਾ ਰਹੀ ਹੈ। ਕੈਨੇਡਾ ਵਿੱਚ ਗੈਰ-ਕਾਨੂੰਨੀ ਤੌਰ ਉਪਰ ਰਹਿ ਰਹੇ ਪਰਵਾਸੀਆਂ ਨੂੰ ਡਿਪੋਰਟ ਕਰ ਦੀ ਤਿਆਰੀ ਚੱਲ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਸਭ ਤੋਂ ਵੱਡੀ ਗਾਜ ਪੰਜਾਬੀਆਂ ਉਪਰ ਵੀ ਡਿੱਗ ਸਕਦੀ ਹੈ। ਮੰਨਿਆ ਜਾ ਰਿਹਾ ਹੈ ਕਿ ਡਿਪੋਰਟ ਕੀਤੇ ਜਾਣ ਵਾਲੇ ਪਰਵਾਸੀਆਂ 'ਚੋਂ ਜ਼ਿਆਦਾਤਰ ਉਹ ਲੋਕ ਹੋ ਸਕਦੇ ਹਨ ਜਿਨ੍ਹਾਂ ਨੂੰ ਪਿਛਲੇ ਅੱਠ ਸਾਲ ਦੌਰਾਨ ਦੇਸ਼ ਛੱਡਣ ਦੇ ਹੁਕਮ ਦਿੱਤੇ ਗਏ ਪਰ ਉਹ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਅਫ਼ਸਰਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਂਦਿਆਂ ਆਪਣਾ ਟਿਕਾਣਾ ਹੀ ਬਦਲ ਰਹੇ ਹਨ। ਦਰਅਸਲ ਲੰਘੇ ਦਿਨ ਕੈਨੇਡਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਮੌਜੂਦ ਪਰਵਾਸੀਆਂ ਵਿਰੁੱਧ ਸਖ਼ਤੀ ਵਰਤਣ ਦੇ ਸੰਕੇਤ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਕਿਹਾ ਹੈ ਕਿ ਸਸਤੇ ਮਜ਼ਦੂਰਾਂ ਦੀ ਉਪਲਬਧਤਾ ਵਾਲਾ ਦੌਰ ਬੀਤੇ ਦੀ ਗੱਲ ਹੋ ਚੁੱਕੀ ਹੈ। ਹੁਣ ਕੈਨੇਡੀਅਨ ਐਂਪਲਾਇਰਜ਼ ਨੂੰ ਉੱਚੀਆਂ ਉਜਰਤ ਦਰਾਂ 'ਤੇ ਕਾਮੇ ਰੱਖਣੇ ਹੋਣਗੇ। ਮਾਰਕ ਮਿਲਰ ਦਾ ਕਹਿਣਾ ਸੀ ਕਿ ਟੈਂਪਰੇਰੀ ਵੀਜ਼ਾ 'ਤੇ ਆਏ ਪਰ ਸਮੇਂ ਸਿਰ ਵਾਪਸੀ ਨਾ ਕਰਨ ਵਾਲੇ ਵਿਅਕਤੀਆਂ ਨੂੰ ਆਉਂਦੇ ਕੁਝ ਮਹੀਨਿਆਂ ਦੌਰਾਨ ਵੱਡੀ ਗਿਣਤੀ ਵਿਚ ਡਿਪੋਰਟ ਕੀਤਾ ਜਾ ਸਕਦਾ ਹੈ। ਗ੍ਰੇਟਰ ਵੈਨਕੂਵਰ ਬੋਰਡ ਆਫ਼ ਟਰੇਡ ਵੱਲੋਂ ਕਰਵਾਏ ਸਮਾਗਮ ਵਿੱਚ ਪੁੱਜੇ ਇਮੀਗ੍ਰੇਸ਼ਨ ਮੰਤਰੀ ਨੇ ਅੱਗੇ ਕਿਹਾ ਕਿ ਰੁਜ਼ਗਾਰਦਾਤਾਵਾਂ ਤੇ ਕਾਮਿਆਂ ਦਰਮਿਆਨ ਸਭ ਤੋਂ ਮਾੜੇ ਸਬੰਧ ਦੇਖਣੇ ਹੋਣ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਸ਼੍ਰੇਣੀ ਵਿਚ ਦੇਖੇ ਜਾ ਸਕਦੇ ਹਨ ਜਿੱਥੇ ਕਿਰਤੀਆਂ ਦਾ ਵੱਡੇ ਪੱਧਰ 'ਤੇ ਸ਼ੋਸ਼ਣ ਕੀਤਾ ਜਾਂਦਾ ਹੈ। ਖੇਤੀ ਸੈਕਟਰ ਅਤੇ ਫੂਡ ਪ੍ਰੋਸੈਸਿੰਗ ਵਿਚ ਤਾਂ ਆਰਜ਼ੀ ਵਿਦੇਸ਼ੀ ਕਾਮਿਆਂ ਨੂੰ ਬਣਦਾ ਮਿਹਨਤਾਨਾ ਵੀ ਨਹੀਂ ਮਿਲਦਾ ਪਰ ਫੈਡਰਲ ਸਰਕਾਰ ਵੱਲੋਂ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਅਥਾਹ ਆਮਦ 'ਤੇ ਰੋਕ ਲਾ ਦਿੱਤੀ ਗਈ ਹੈ ਅਤੇ ਹੁਣ ਸਸਤੇ ਵਿਦੇਸ਼ੀ ਮਜ਼ਦੂਰ ਮਿਲਣ ਵਾਲਾ ਦੌਰ ਲੰਘ ਚੁੱਕਾ ਹੈ।

### ਪੰਜਾਬੀ ਗਾਇਕਾਂ ਦੇ ਇਲਾਕੇ 'ਚ

## 100 ਰਾਊਂਡ ਫਾਇਰਿੰਗ ਨਾਲ ਮੱਚੀ ਤਰਥੱਲੀ, 23 ਗ੍ਰਿਫ਼ਤਾਰ; 16 ਹਥਿਆਰ ਬਰਾਮਦ

ਟੋਰਾਂਟੋ, 17 ਨੇਵੰਬਰ (ਆਜ਼ਿ ਕੌਮ ਬਿਊਰੋ): ਸੰਗੀਤ ਜਗਤ ਤੋਂ ਹੈਰਾਨ ਕਰਨ ਵਾਲੀ ਖਬਰ ਸਾਹਮਣੇ ਆ ਰਹੀ ਹੈ। ਜਿਸ ਨੇ ਹਰ ਕਿਸੇ ਦੇ ਹੋਸ਼ ਉੱਡਾ ਦਿੱਤੇ ਹਨ। ਦਰਅਸਲ, ਕੈਨੇਡਾ ਦੇ ਟੋਰਾਂਟੋ ਵਿੱਚ ਇੱਕ ਸੰਗੀਤ ਰਿਕਾਰਡਿੰਗ ਸਟੂਡੀਓ ਦੇ ਬਾਹਰ ਘੱਟੋ-ਘੱਟ 100 ਰਾਉਂਡ ਫਾਇਰ ਕੀਤੇ ਗਏ। ਸੋਮਵਾਰ ਦੇਰ ਰਾਤ ਹੋਈ ਗੋਲੀਬਾਰੀ ਵਿੱਚ 23 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੋ ਅਸਾਲਟ ਸਟਾਈਲ ਰਾਈਫਲਾਂ ਸਣੇ 16 ਹਥਿਆਰ ਜ਼ਬਤ ਕੀਤੇ ਗਏ। ਜਿਸ ਇਲਾਕੇ 'ਚ ਗੋਲੀਬਾਰੀ ਹੋਈ, ਉਸ 'ਚ ਪੰਜਾਬੀ ਸੰਗੀਤਕਾਰਾਂ ਦੇ ਸਟੂਡੀਓ ਹਨ। ਜਾਣਕਾਰੀ ਮੁਤਾਬਕ ਰਾਤ 11:20 ਵਜੇ ਦੇ ਕਰੀਬ ਹਿੰਸਾ ਸ਼ੁਰੂ ਹੋਣ 'ਤੇ ਟੋਰਾਂਟੋ ਪੁਲਿਸ ਗੈਰ-ਸੰਬੰਧਿਤ ਜ਼ਮਾਨਤ-ਸੰਬੰਧੀ ਜਾਂਚ ਕਰ ਰਹੀ ਸੀ। ਇੱਕ ਰਿਕਾਰਡਿੰਗ ਸਟੂਡੀਓ ਦੇ ਕੋਲ ਇੱਕ ਚੋਰੀ ਦੀ ਕਾਰ ਰੁਕੀ, ਤਿੰਨ ਵਿਅਕਤੀ ਬਾਹਰ ਨਿਕਲੇ ਅਤੇ ਸਟੂਡੀਓ ਅਤੇ ਆਸਪਾਸ ਦੇ ਲੋਕਾਂ 'ਤੇ ਗੋਲੀਆਂ ਚਲਾਈਆਂ। ਟੋਰਾਂਟੋ ਪੁਲਿਸ ਨੇ ਇਹ ਕਹਿ ਕੇ ਜਵਾਬ ਦਿੱਤਾ ਕਿ ਵਿਰੋਧੀ ਸਮੂਹ ਦੇ ਮੈਂਬਰਾਂ ਨੇ ਕਥਿਤ ਤੌਰ 'ਤੇ ਗੋਲੀਬਾਰੀ ਕੀਤੀ। ਪੁਲਿਸ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਗੋਲੀਬਾਰੀ ਦੀ ਇਸ ਘਟਨਾ ਪਿੱਛੇ ਕਿਸ ਦਾ ਹੱਥ ਹੈ। ਇਹ ਘਟਨਾ ਕਰੀਬ ਤਿੰਨ ਦਿਨ ਪਹਿਲਾਂ ਦੀ ਦੱਸੀ ਜਾਂਦੀ ਹੈ। ਟੋਰਾਂਟੋ ਪੁਲਿਸ ਦੇ ਡਿਪਟੀ ਚੀਫ਼ ਲੌਰੇਨ ਪੋਗ ਨੇ ਹਮਲੇ ਦੇ ਜਵਾਬ ਵਿੱਚ ਕਿਹਾ ਕਿ ਇੱਕ ਅਣਪਛਾਤੇ ਵਾਹਨ ਵਿੱਚ ਸਫ਼ਰ ਕਰ ਰਹੇ ਸਾਦੇ ਕੱਪੜਿਆਂ ਵਾਲੇ ਅਧਿਕਾਰੀ ਗੋਲੀਬਾਰੀ ਵਿੱਚ ਫਸ ਗਏ ਅਤੇ ਉਨ੍ਹਾਂ ਦੇ ਵਾਹਨ 'ਤੇ ਕਈ ਵਾਰ ਹਮਲਾ ਹੋਣ ਦੇ ਬਾਵਜੂਦ ਉਹ ਸੁਰੱਖਿਅਤ ਬਚ ਗਏ। ਪੁਲਿਸ ਨੇ ਤੁਰੰਤ ਹਮਲੇ ਦਾ ਜਵਾਬ ਦਿੱਤਾ, ਚੋਰੀ ਹੋਈ ਕਾਰ ਵਿੱਚ ਬਕਸੇ ਰੱਖਣ ਲਈ ਆਪਣੀ ਅਣ-ਚਿੰਨ੍ਹਾਂ ਗੱਡੀ ਦੀ ਵਰਤੋਂ ਕੀਤੀ; ਹਾਲਾਂਕਿ ਇਸ ਮਾਮਲੇ 'ਚ ਦੋ ਸ਼ੱਕੀ ਫਰਾਰ ਹੋਣ 'ਚ ਕਾਮਯਾਬ ਹੋ ਗਏ।

ਸਿੰਘ ਸਾਹਿਬ ਭਾਈ ਜਸਵੀਰ ਸਿੰਘ ਜੀ ਰੋਡੇ (ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ) ਦੀ ਪ੍ਰੇਰਨਾ ਸਦਕਾ

www.nsycuk.com

ਸਾਲਾਨਾ ਯਾਤਰਾ 20 ਫਰਵਰੀ ਤੋਂ 12 ਮਾਰਚ 2025 ਤੱਕ

# ਪੰਜ ਤਖ਼ਤ ਸਾਹਿਬਾਨ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਦੀ ਸਾਲਾਨਾ ਯਾਤਰਾ



ਸ੍ਰੀ ਅਕਾਲ ਤਖ਼ਤ ਸਾਹਿਬ



ਤਖ਼ਤ ਸ੍ਰੀ ਪਟਨਾ ਸਾਹਿਬ



ਤਖ਼ਤ ਸ੍ਰੀ ਕੇਸਗੜ੍ਹ ਸਾਹਿਬ



ਤਖ਼ਤ ਸ੍ਰੀ ਦਮਦਮਾ ਸਾਹਿਬ



ਤਖ਼ਤ ਸ੍ਰੀ ਹਜ਼ੂਰ ਸਾਹਿਬ

## ਯਾਤਰਾ ਗੁਰਦੁਆਰਾ ਦੂਖ ਨਿਵਾਰਣ ਸਾਹਿਬ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਤੋਂ

20 ਫਰਵਰੀ 2025, ਦਿਨ ਵੀਰਵਾਰ ਨੂੰ ਸਵੇਰੇ ਠੀਕ 8 ਵਜੇ ਆਰੰਭ ਹੋਵੇਗੀ, ਸੰਗਤਾਂ ਸਵੇਰੇ 7.30 ਵਜੇ ਤੱਕ ਪਹੁੰਚਣ ਦੀ ਕਿਰਪਾ ਕਰਨ।12 ਮਾਰਚ 2025, ਦਿਨ ਬੁੱਧਵਾਰ ਨੂੰ ਉਕਤ ਗੁਰਦੁਆਰਾ ਸਾਹਿਬ ਵਿਖੇ ਹੀ ਯਾਤਰਾ ਦੀ ਸਮਾਪਤੀ ਹੋਵੇਗੀ।



**ਬਾਹਰਲੇ ਦੇਸ਼ਾਂ ਤੋਂ ਜਾਣ ਵਾਲੇ ਯਾਤਰੀ ਦਾ ਖਰਚ 400 ਪੌਂਡ ਅਤੇ ਪੱਕੇ ਤੌਰ 'ਤੇ ਭਾਰਤ ਵਿਚ ਰਹਿ ਰਹੇ ਯਾਤਰੀ ਦਾ ਖਰਚਾ 20 ਹਜ਼ਾਰ ਰੁਪਏ ਹੈ**

ਸੀਮਤ ਸੀਟਾਂ ਜਲਦੀ ਬੁਕਿੰਗ ਕਰਵਾਉ ਜੀ

ਨੋਟ: ਵਿਦੇਸ਼ਾਂ ਤੋਂ ਸੰਗਤਾਂ ਆਪੋ-ਆਪਣੀਆਂ ਟਿਕਟਾਂ ਲੈ ਕੇ ਪੰਜਾਬ ਪਹੁੰਚਣਗੀਆਂ। ਯਾਤਰਾ ਏਅਰ ਕੰਡੀਸ਼ਨਰ ਕੋਚਾਂ ਵਿੱਚ ਕਰਵਾਈ ਜਾਵੇਗੀ। ਇੰਗਲੈਂਡ, ਅਮਰੀਕਾ, ਕੈਨੇਡਾ ਜਾਂ ਦੁਨੀਆਂ ਦੇ ਕਿਸੇ ਵੀ ਦੇਸ਼ ਵਿੱਚ ਰਹਿੰਦੇ ਸ਼ਰਧਾਲੂ ਇਸ ਯਾਤਰਾ ਵਿੱਚ ਜਾਣ ਲਈ ਸੰਪਰਕ ਕਰ ਸਕਦੇ ਹਨ। ਭਾਰਤ ਦੇ ਪੱਕੇ ਵਸਨੀਕ ਰਿਸ਼ਤੇਦਾਰਾਂ/ ਮਿੱਤਰਾਂ ਦੀ ਬੁਕਿੰਗ ਵੀ ਇੱਥੇ ਯੂ.ਕੇ. ਵਿੱਚ ਤੁਸੀਂ ਕਰਵਾ ਸਕਦੇ ਹੋ।

ਗੁ. ਸ੍ਰੀ ਗੁਰੂ ਤੇਗ ਬਹਾਦਰ, ਜਲੰਧਰ ਤੋਂ ਸ਼ੁਰੂਆਤ, ਗੁ. ਸ਼ਹੀਦ ਬੇਅੰਤ ਸਿੰਘ, ਗੁ. ਗੁਰੂ ਕਾ ਲਾਹੌਰ, ਗੁ. ਸੁਹੇਲਾ ਸਾਹਿਬ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਆਨੰਦਪੁਰ ਸਾਹਿਬ, ਬਾਉਲੀ ਸਾਹਿਬ, ਗੁ. ਨਾਢਾ ਸਾਹਿਬ, ਗੁ. ਸ੍ਰੀ ਕ੍ਰਿਪਾਲ ਸ਼ਿਲਾ, ਗੁ. ਸ੍ਰੀ ਪਾਉਂਟਾ ਸਾਹਿਬ, ਗੁ. ਦਸਤਾਰ ਅਸਥਾਨ, ਗੁ. ਭੰਗਾਣੀ ਸਾਹਿਬ, ਗੁ. ਤੀਰਗੜ੍ਹੀ ਸਾਹਿਬ, ਗੁ. ਨਾਨਕਮਤਾ ਸਾਹਿਬ, ਗੁ. ਬਾਬਾ ਅਲਮਸਤ ਸਾਹਿਬ, ਗੁ. ਭੰਡਾਰਾ ਸਾਹਿਬ, ਗੁ. ਦੁੱਧ ਵਾਲਾ ਖੂਹ, ਬਾਉਲੀ ਸਾਹਿਬ, ਗੁ. ਭਗਤ ਕਬੀਰ ਜੀ ਮਗਹਰ,ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ, ਗੁ. ਗਊ ਘਾਟ, ਗੁ. ਤਾਕੀ ਸਾਹਿਬ, ਗੁ. ਗੁਰੂ ਕਾ ਬਾਗ ਪਟਨਾ ਸਾਹਿਬ, ਗੁ. ਕੰਗਣ ਘਾਟ, ਮਾਤਾ ਗੁਜਰੀ ਜੀ ਦਾ ਖੂਹ, ਗੁ. ਬਾਲ ਲੀਲ੍ਹਾ, ਗੁ. ਹਾਂਡੀ ਸਾਹਿਬ, ਗੁ. ਸ਼ੀਤਲ ਕੁੰਡ ਰਾਜਗੀਰ, ਗੁ. ਗਵਾਰੀ ਘਾਟ ਸਾਹਿਬ ਜੱਬਲਪੁਰ, ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਗੁ. ਰਤਨਗੜ੍ਹ ਸਾਹਿਬ, ਗੁ. ਨਾਨਕਸਰ, ਗੁ. ਸੰਗਤ ਸਾਹਿਬ, ਗੁ. ਮਾਤਾ ਸਾਹਿਬ ਦੇਵਾਂ ਜੀ, ਗੁ. ਅੰਗੀਠਾ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ-ਸੰਤ ਬਾਬਾ ਹਰਨਾਮ ਸਿੰਘ ਜੀ, ਗੁ. ਭਜਨਗੜ੍ਹ ਸਾਹਿਬ, ਗੁ. ਨਾਨਕ ਝੀਰਾ ਸਾਹਿਬ, ਗੁ. ਹੀਰਾ ਘਾਟ, ਗੁ. ਮਾਲਟੇਕੜੀ ਸਾਹਿਬ, ਗੁ. ਨਗੀਨਾ ਘਾਟ, ਗੁ. ਬੰਦਾ ਘਾਟ, ਦੇਹੁਰਾ ਭਗਤ ਨਾਮਦੇਵ ਜੀ, ਗੁ. ਬੜੀ ਸੰਗਤ ਸਾਹਿਬ ਬੁਰਹਾਨਪੁਰ, ਗੁ. ਦੱਖਣੀ ਓਅੰਕਾਰ ਸਾਹਿਬ, ਗੁ. ਸਾਹਿਬ ਬੇਟਮਾ ਇੰਦੌਰ, ਗੁ. ਦਾਤਾ ਬੰਦੀ ਛੋੜ ਗਵਾਲੀਅਰ, ਗੁ. ਦੂਖ ਨਿਵਾਰਨ ਸਾਹਿਬ ਆਗਰਾ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ, ਭਾਈ ਡੱਲੇ ਦੀ ਹਵੇਲੀ, ਭੋਰਾ ਬਾਬਾ ਦੀਪ ਸਿੰਘ ਜੀ, ਗੁ. ਬਾਬਾ ਬੀਰ ਸਿੰਘ ਧੀਰ ਸਿੰਘ, ਗੁ. ਦਮਦਮਾ ਸਾਹਿਬ, ਗੁਰਦੁਆਰਾ ਬੁੰਗਾ ਮਸਤੂਆਣਾ, ਗੁਰੂਸਰ ਮਹਿਰਾਜ, ਗੁ. ਜ਼ਫਰਨਾਮਾ ਸਾਹਿਬ, ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਗੁ. ਤੰਬੂ ਸਾਹਿਬ ਸ੍ਰੀ ਮੁਕਤਸਰ ਸਾਹਿਬ, ਸ੍ਰੀ ਤਰਨਤਾਰਨ ਸਾਹਿਬ, ਛੇਹਰਟਾ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਜਲੰਧਰ ਵਾਪਸੀ ਹੋਵੇਗੀ ।

**ਯਾਤਰੂ ਟਰੈਵਲ ਇੰਸ਼ੋਰੈਂਸ ਖੁਦ ਜ਼ਰੂਰ ਕਰਵਾਉਣ। ਤੁਸੀਂ ਆਪਣੇ ਨਾਂਅ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿਚ ਵੀ ਸਾਡੇ ਸੇਵਾਦਾਰਾਂ ਨੂੰ ਦੇ ਸਕਦੇ ਹੋ। ਵਧੀਆ ਰਿਹਾਇਸ਼ ਅਤੇ ਮੁੱਢਲੀ ਡਾਕਟਰੀ ਸਹਾਇਤਾ ਦਾ ਖਾਸ ਪ੍ਰਬੰਧ ਕੀਤਾ ਜਾਂਦਾ ਹੈ।**

## ਗੁਰੂ ਪੰਥ ਦੇ ਦਾਸ: ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ


| | | | |
|---|---|---|---|
| ਭਾਈ ਰਘਵੀਰ ਸਿੰਘ ਮਾਲੜੀ ਨੋਟਿੰਘਮ | +44 7813953484 | ਭਾਈ ਅਮਰੀਕ ਸਿੰਘ ਤੂਰ ਡਰਬੀ | +44 7539243163 |
| ਭਾਈ ਰਘਵੀਰ ਸਿੰਘ ਵਾਲਸਾਲ | +44 7976210161 | ਬੀਬੀ ਜਸਵਿੰਦਰ ਕੌਰ ਥਾਂਦੀ ਕਵੈਂਟਰੀ | +44 7895666314 |
| ਭਾਈ ਬਲਜੀਤ ਸਿੰਘ ਕੰਗ | +44 7780605230 | ਭਾਈ ਕਪਤਾਨ ਸਿੰਘ ਵੂਲਵਰਹੈਂਪਟਨ | +44 7788283485 |

ਨੋਟ: ਕਿਸੇ ਜਥੇਬੰਦੀ ਜਾਂ ਨਿੱਜੀ ਲਾਭ ਦੀ ਬਜਾਇ ਇਸ ਯਾਤਰਾ ਕਮੇਟੀ ਦਾ ਗਠਨ ਸੰਗਤਾਂ ਦੀ ਸੇਵਾ ਲਈ ਕੀਤਾ ਗਿਆ ਹੈ, ਇਕੱਤਰ ਮਾਇਆ ਗੁਰਦੁਆਰਾ ਸਾਹਿਬਾਨ ਦੀ ਸੇਵਾ ਵਿੱਚ ਹੀ ਲਾਈ ਜਾਂਦੀ ਹੈ।

Nankana Sahib Yatra Committee U.K, 21 Hazel Ave, Littleover, Derby De23 7HA
www.nsycuk.com, E-Mail: nsycuk1469@gmail.com
ਪਿਛਲੇ ਸਾਲਾਂ ਦੀਆਂ ਯਾਤਰਾ ਤਸਵੀਰਾਂ ਦੇਖਣ ਲਈ ਸਾਡੇ ਫੇਸਬੁੱਕ ਪੇਜ Nankana Sahib Yatra Commitee UK ਅਤੇ ਵੈੱਬਸਾਈਟ ਤੇ ਜ਼ਰੂਰ ਜਾਉ ਜੀ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net

---

ਦਮਦਮੀ ਟਕਸਾਲ

ਨਾਮ ਜਪੋ / ਕਿਰਤ ਕਰੋ / ਵੰਡ ਛਕੋ — Naam Japo / Kirat Karo / Vand Shako

ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ WAHEGURU JI KA KHALSA WAHEGURU JI KI FATEH

**ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੋ**

Khande Bate di Pahul Shak Ke Guru Wale Bano

**ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ**

Join Gurbani Santhia and Gurmat Sikhia

**ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ**

Learn Kirtan Katha Kavishri and Dhadi Waran

**ਗੁਰਮੁਖੀ ਪੰਜਾਬੀ ਸਿੱਖੋ**

Learn Gurmukhi Punjabi

**ਗਤਕਾ ਸਿੱਖੋ** Learn Gatka

www.damdamitaksal.net

---

## ਆਵਾਜ਼ਿ ਕੌਮ

Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243




ਭਾਈ ਰਘਬੀਰ ਸਿੰਘ ਵਾਲਸਾਲ ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ

---


24 SERVICE EVERYDAY HOURS

100% VEGETARIAN — PURE AND NATURAL

Enjoy Real Taste of PUNJAB

KD

FULLY A.C. HALL

**Khehra VAISHNO DHABA**

BREAKFAST LUNCH DINNER

OUR SPECIALIZATION : Au Important Ingredients used to Prepare Dishes are Grown in our own farmes.

Soup
Burger
Sandwich
Pizza
Grilled Breads
Continental Fast Food
Tandoori Snacks
Tandoori Breads
Biryani Khas
Beverages
Shakes
Desserts
Punjabi Snacks
South Indian
Kathi Roll
Pasta
Chines Food
Raita Salad

V.P.O. Mallian
Jalandhar-Amritsar G.T. Road
NEAR JANDIALA GURU
Contact
98610-00057, 99152-32757




We Accept Online & Card Payment

---

## ਪੰਜਾਬੀ

### ਸਿੱਖੋ ਬੋਲੋ ਪੜ੍ਹੋ ਲਿਖੋ

ਮਾਂ ਬੋਲੀ ਪੰਜਾਬੀ ਨੂੰ ਪਿਆਰ ਕਰੋ

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |
| ਸ਼ | ਖ਼ | ਗ਼ | ਜ਼ | ਫ਼ | ਲ਼ |

Love Maa Boli Punjabi

www.damdamitaksal.net

ਮੁਕਤਾ, ਾ ਕੰਨਾ, ਿ ਸਿਹਾਰੀ, ੀ ਬਿਹਾਰੀ

ੁ ਔਂਕੜ, ੂ ਦੁਲੈਂਕੜ, ੇ ਲਾਂ, ੈ ਦੁਲਾਵਾਂ

ੋ ਹੋੜਾ, ੌ ਕਨੌੜਾ, ੰ ਟਿੱਪੀ, ਂ ਕੰਨਾ-ਬਿੰਦੀ

www.damdamitaksal.net

੧ ੨ ੩ ੪ ੫ ੬ ੭ ੮ ੯ ੧੦

www.damdamitaksal.net

Learn Speak Read Write PUNJABI

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ

# ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ

## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਧਮਤਾਨ ਸਾਹਿਬ ਵਿਖੇ

ਮਿਤੀ 4 ਦਸੰਬਰ 2024 ਤੋਂ 6 ਦਸੰਬਰ 2024 ਤੱਕ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਨਗਰ ਕੀਰਤਨ, ਅੰਮ੍ਰਿਤ ਸੰਚਾਰ ਅਤੇ ਗੁਰਮਤਿ ਸਮਾਗਮ ਕਰਵਾਇਆ ਜਾ ਰਿਹਾ ਜਿਸ ਵਿੱਚ ਸਿੱਖ ਕੌਮ ਦੇ ਮਹਾਨ ਵਿਦਵਾਨ ਉਚੇਚੇ ਤੌਰ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ । ਸਮੇਂ ਸਿਰ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ ।

4 ਦਸੰਬਰ 2024 ਦਿਨ ਬੁੱਧਵਾਰ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10-00 ਵਜੇ

5 ਦਸੰਬਰ 2024 ਦਿਨ ਵੀਰਵਾਰ ਨਗਰ ਕੀਰਤਨ ਅਰੰਭ ਸਵੇਰੇ 8-00 ਵਜੇ

6 ਦਸੰਬਰ 2024 ਦਿਨ ਸ਼ੁੱਕਰਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 9-00 ਵਜੇ

**ਵਿਸ਼ੇਸ਼ ਬੇਨਤੀ** ਜਿਹਨਾਂ ਸੰਗਤਾਂ ਨੂੰ ਸਤਿਗੁਰ ਜੀ ਨੇ ਟਰੈਕਟਰ, ਟਰਾਲੀਆਂ, ਗੱਡੀਆਂ ਆਦਿ ਦੀ ਦਾਤ ਬਖ਼ਸ਼ੀ ਹੈ, ਉਹ ਨਗਰ ਕੀਰਤਨ ਵਿੱਚ ਆਪੋ ਆਪਣੇ ਸਾਧਨ ਲੈ ਕੇ ਸਮੂਲੀਅਤ ਕਰਨ ਜੀ ।

ਨੋਟ : ਮੋਟਰਸਾਈਕਲ ਲੈ ਕੇ ਆਉਣ ਵਾਲੇ ਨੌਜਵਾਨ ਕਿਸੇ ਤਰ੍ਹਾਂ ਦੀ ਕਰਤਬ ਬਾਜੀ ਨਾ ਕਰਨ ।

ਪ੍ਰੋਗਰਾਮ ਨਗਰ ਕੀਰਤਨ : ਮਿਤੀ 5 ਦਸੰਬਰ 2024, ਵੀਰਵਾਰ ਨੂੰ ਸਵੇਰੇ 8-00 ਵਜੇ ਗੁਰਦੁਆਰਾ ਧਮਤਾਨ ਸਾਹਿਬ ਤੋਂ ਅਰੰਭ ਹੋ ਕੇ ਲੋਨ, ਖਰਲ, ਪਿਪਲਥਾ, ਗੜ੍ਹੀ, ਦਾਤਾ ਸਿੰਘ ਵਾਲਾ, ਹੰਸਡੇਹਰ, ਢੰਢੋਲੀ, ਸ਼ੇਰਗੜ੍ਹ, ਖਨੌਰੀ, ਪਦਾਰਥ ਖੇੜਾ, ਰੇਵਰ, ਪਿਪਲਥਾ, ਵਾਬੀ ਟੇਕ ਸਿੰਘ ਅਤੇ ਰਸੀਦਾਂ ਹੁੰਦਾ ਹੋਇਆ ਗੁਰਦੁਆਰਾ ਧਮਤਾਨ ਸਾਹਿਬ ਵਿਖੇ ਪਹੁੰਚੇਗਾ । ਸਮਾਪਤੀ, ਗੁਰਦੁਆਰਾ ਧਮਤਾਨ ਸਾਹਿਬ ਵਿਖੇ ਸ਼ਾਮ 5-00 ਵਜੇ ਹੋਵੇਗੀ ।

ਪ੍ਰੋਗਰਾਮ : 6 ਦਸੰਬਰ 2024 ਦਿਨ ਸ਼ੁੱਕਰਵਾਰ ਸਵੇਰੇ 9-00 ਤੋਂ 10-00 ਵਜੇ ਤੱਕ ਭਾਈ ਅਮਨਦੀਪ ਸਿੰਘ ਹਜ਼ੂਰੀ ਰਾਗੀ ਜੱਥਾ ਗੁ: ਧਮਤਾਨ ਸਾਹਿਬ

10-00 ਤੋਂ 10-30 ਵਜੇ ਤੱਕ ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ ਗੁ: ਧਮਤਾਨ ਸਾਹਿਬ

10-30 ਤੋਂ 11-00 ਵਜੇ ਤੱਕ ਭਾਈ ਚਰਨਜੀਤ ਸਿੰਘ ਕਥਾਵਾਚਕ ਗੁ: ਧਮਤਾਨ ਸਾਹਿਬ

11-00 ਤੋਂ 12-30 ਵਜੇ ਤੱਕ ਭਾਈ ਗੁਰਮੀਤ ਸਿੰਘ ਕਵੀਸ਼ਰ ਧਰਮ ਪ੍ਰਚਾਰ ਕਮੇਟੀ।

ਅੰਮ੍ਰਿਤ ਸੰਚਾਰ : 6 ਦਸੰਬਰ 2024, ਦਿਨ ਸ਼ੁਕਰਵਾਰ ਸਮਾਂ 12 ਵਜੇ

**ਅੰਮ੍ਰਿਤ ਸੰਚਾਰ ਸੰਬੰਧੀ**

1. ਅੰਮ੍ਰਿਤ ਸੰਚਾਰ ਗੁਰਦੁਆਰਾ ਧਮਤਾਨ ਸਾਹਿਬ ਵਿਖੇ 12-00 ਵਜੇ ਹੋਵੇਗਾ ।
2. ਅੰਮ੍ਰਿਤ ਅਭਿਲਾਖੀ ਕੇਸੀ ਇਸ਼ਨਾਨ ਕਰ ਕੇ ਆਉਣ ਜੀ ।
3. ਅੰਮ੍ਰਿਤ ਛਕਣ ਵਾਲੇ ਪ੍ਰਾਣੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਜਾਣਗੇ ।

ਸਮੂਹ ਮੈਂਬਰ ਸਾਹਿਬਾਨ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਮੈਨੇਜਰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ (ਜੀਂਦ) ਹਰਿਆਣਾ

ਸੰਪਰਕ : ਭਾਈ ਹਰਵਿੰਦਰ ਸਿੰਘ ਦਰੌਲੀ (ਮੈਨੇਜਰ) 9991037375 ਭਾਈ ਜੋਗਿੰਦਰ ਸਿੰਘ ਹੈਡ ਗ੍ਰੰਥੀ 9896166509 ਭਾਈ ਚਰਨਜੀਤ ਸਿੰਘ ਕਥਾਵਾਚਕ 9802947712 ਭਾਈ ਕਰਮਜੀਤ ਸਿੰਘ 7015967169 ਸ੍: ਸਤਿੰਦਰ ਸਿੰਘ ਮੰਟਾ ਰਸੀਦਾਂ ਮੈਂਬਰ ਸਾਹਿਬਾਨ 9354100003



*ਸਾਬਤ ਸੂਰਤਿ ਦਸਤਾਰ ਸਿਰਾ*

## ਦਸਤਾਰਾਂ ਹੀ ਦਸਤਾਰਾਂ

# ਰੰਧਾਵਾ ਪਗੜੀ ਸੈਂਟਰ

ਦਸਤਾਰਾਂ ਦੇ ਥਾਨ ਥੋਕ ਦੇ ਭਾਅ ਖ਼ਰੀਦਣ ਲਈ ਸੰਪਰਕ ਕਰੋ।

✤ ਦੁਨੀਆਂ ਦੇ ਕਿਸੇ ਵੀ ਕੋਨੇ 'ਚ ਦਸਤਾਰਾਂ ਮੰਗਵਾਉਣ ਲਈ ਸੰਪਰਕ ਕੀਤਾ ਜਾ ਸਕਦਾ ਹੈ।

ਇੱਥੇ ਹਰ ਤਰ੍ਹਾਂ ਦੀਆਂ ਪੱਗਾਂ ਅਤੇ ਸੁੰਦਰ ਰੁਮਾਲਾ ਸਾਹਿਬ ਮਿਲਦੇ ਹਨ।

ਰੈਣਕ ਬਾਜਾਰ, ਜਲੰਧਰ (ਪੰਜਾਬ)
ਸੰਪਰਕ ਨੰ. :
+91 98882-22446



# ASA Gas Heating Solution Ltd.

Boilers
Certificates
Gas Work
Cylinders
Maintenance Services

Gas Safety Inspections
Plumbing Work

Vaillant APPROVED INSTALLER | WORCESTER Bosch Group

ਏ.ਐਸ.ਏ. ਗੈਸ ਹੀਟਿੰਗ ਸਲੂਸ਼ਨ ਲਿਮਟਿਡ ਕੰਪਨੀ ਦੇ ਮਾਲਕ ਜਾਣੇ ਪਹਿਚਾਣੇ ਗੋਲਡ ਮੈਡਲਿਸਟ ਢਾਡੀ ਜੱਥਾ ASA ਦੇ ਨੌਜਵਾਨਾਂ ਨੇ ਸ਼ੁਰੂ ਕੀਤੀ ਹੈ। ਜਿਹੜੇ ਗੈਸ ਅਤੇ ਬਿਜਲੀ ਦਾ ਕੰਮ ਬਹੁਤ ਹੀ ਤਸੱਲੀਬਖ਼ਸ਼ ਅਤੇ ਸਸਤੇ ਰੇਟਾਂ ਤੇ ਕਰਦੇ ਹਨ। ਨੌਜਵਾਨ ਬੱਚਿਆਂ ਨੇ ਨਵਾਂ ਨਵਾਂ ਆਪਣਾ ਕੰਮ ਸ਼ੁਰੂ ਕੀਤਾ ਹੈ। ਸੋ ਇਹਨਾਂ ਬੱਚਿਆਂ ਦਾ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਜਾਂਦੀ ਹੈ

Mr. Simran Singh : 0749 534 2620
asagasheatingsolutions@gmail.com
Call us now for a Free no-olbigation quote







KHALSA FORGE

Explore a stunning collection of high-quality Damascus and Sarbloh Kirpans, meticulously crafted for excellence.
www.khalsaforge.com

# ਖਾਲਸਾ ਫੋਰਜ

☛ ਉੱਚ ਕੁਆਲਿਟੀ ਦੀਆਂ ਸਰਬਲੋਹ ਕਿਰਪਾਨਾਂ ਅਤੇ ਗਾਤਰਾ ਸਾਹਿਬ ਖ਼ਰੀਦਣ ਲਈ ਸੰਪਰਕ ਕਰੋ।

☛ ਆਨਲਾਈਨ ਆਰਡਰ ਵੀ ਬੁੱਕ ਕੀਤੇ ਜਾਂਦੇ ਹਨ।









## www.khalsaforge.com


HAYES PLANT HIRE
WE TRAIN YOU GAIN
NPORS ACCREDITED
Telescopic Handler
Excavator 360
Road Roller
Forward Tipping Dumper
Tractor
Dozer
Plant Training and Testing on All
CATEGORIES OF
MACHINERY.
Dump Truck
HAYES PLANT HIRE
ਉਪਰੋਕਤ ਮਸ਼ੀਨਾਂ ਦੇ ਲਾਇਸੈਂਸ ਪ੍ਰਾਪਤ ਕਰਨ ਲਈ ਸੰਪਰਕ ਕਰੋ
NROPS Accredited
ਉਪਰੋਕਤ ਹਰ ਤਰ੍ਹਾਂ ਦੀ ਮਸ਼ੀਨਰੀ ਦੀ
ਟਰੇਨਿੰਗ ਅਤੇ ਟੈਸਟਿੰਗ ਦੀ ਸਿਖਲਾਈ ਦਿੱਤੀ ਜਾਂਦੀ ਹੈ।
CONTACT- 07831543004
Hollis Farm, Clay Cross Chesterfield. S45 9BA
01246864370
ਆਵਾਜ਼ਿ ਕੌਮ AWAZE QAUM
International Newspaper & WEB TV
CALL US TO BOOK YOUR CSCS LEVEL ONE COURSE.
07715 1-28621

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫ਼ਤਹਿ

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰੁ ਦੀਜੈ ਕਾਣਿ ਨ ਕੀਜੈ ॥

## ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਸਬੰਧੀ

# ਆਜ਼ਾਦ ਫਰੰਟ ਪੰਜਾਬ

ਵੱਲੋਂ

## ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟਰੀਟ ਵੁਲਵਰਹੈਂਪਟਨ ਵਿਖੇ

# ਸ਼ਹੀਦੀ ਸਮਾਗਮ

## 22 ਤੋਂ 24 ਨਵੰਬਰ 2024



**ਗੁਰੂ ਪਿਆਰੀ ਸਾਧ ਸੰਗਤ ਜੀਓ,**

**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ।।**

ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਵਸ ਸੰਪੂਰਨ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਕਹਿਣੀ ਅਤੇ ਕਰਨੀ ਦੇ ਪੂਰੇ ਅਨੋਖੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਸ਼ਹੀਦੀ ਦਿਵਸ **ਆਜ਼ਾਦ ਫਰੰਟ ਪੰਜਾਬ** ਦੇ ਸਾਰੇ ਹੀ ਸੇਵਾਦਾਰਾਂ ਵੱਲੋਂ ਗੁਰੂ ਨਾਨਕ ਸਿੱਖ ਗੁਰਦੁਆਰਾ ਸੈਜਲੀ ਸਟਰੀਟ ਵੁਲਵਰਹੈਂਪਟਨ ਵਿਖੇ 22 ਨਵੰਬਰ ਤੋਂ 24 ਨਵੰਬਰ, 2024 ਤੱਕ ਸ਼ਹੀਦੀ ਸਮਾਗਮ ਕਰਵਾਇਆ ਜਾ ਰਿਹਾ ਹੈ। ਅਸੀਂ ਆਪ ਸਭ ਨੂੰ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ ਕਿ ਇਸ ਸਮਾਗਮ ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋ ਕੇ ਧੰਨ-ਧੰਨ ਬਾਬਾ ਦੀਪ ਸਿੰਘ ਜੀ ਨੂੰ ਸ਼ਰਧਾਂਜਲੀਆਂ ਭੇਟ ਕਰੀਏ।

ਆਵਾਜ਼ਿ ਕੌਮ AWAZE QAUM
International Newspaper & WEB TV

### ✶ ਪ੍ਰੋਗਰਾਮ ✶

ਆਰੰਭ ਸ੍ਰੀ ਅਖੰਡਪਾਠ ਸਾਹਿਬ 22 ਨਵੰਬਰ 2024
ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਆਖੰਡਪਾਠ ਸਾਹਿਬ 24 ਨਵੰਬਰ 2024
ਦਿਨ ਐਤਵਾਰ ਸਵੇਰੇ 10 ਵਜੇ

**ਉਪਰੰਤ ਭਾਰੀ ਦੀਵਾਨ ਸਜਾਏ ਜਾਣਗੇ**



ਜਿਸ ਵਿੱਚ ਗੁਰਬਾਣੀ ਕੀਰਤਨ, ਕਥਾ ਤੋਂ ਬਾਅਦ ਗਿਆਨੀ ਗੱਜਣ ਸਿੰਘ ਗੜਗੱਜ ਦਾ ਢਾਡੀ ਜੱਥਾ ਬਾਬਾ ਜੀ ਦੇ ਜੀਵਨ ਤੋਂ ਸੰਗਤਾਂ ਨੂੰ ਜਾਣੂ ਕਰਵਾਉਣਗੇ।

**ਤਿੰਨੋ ਦਿਨ ਹੀ ਗੁਰੂ ਕਾ ਲੰਗਰ ਅਤੁੱਟ ਵਰਤੇਗਾ**

### ਗੁਰਦੁਆਰਾ ਸਾਹਿਬ ਦਾ ਪਤਾ

Guru Nanak Sikh Gurdwara
SEDGLEY Street
Wolverhampton WV2 3AJ
Mob. : 0738 731 7178

ਖਾਲਸਾ ਪੰਥ ਦੇ ਸੇਵਾਦਾਰ

## ਆਜਾਦ ਫਰੰਟ ਪੰਜਾਬ




### ✶ ਪੰਥ ਦੇ ਸੇਵਾਦਾਰ ✶

ਭਾਈ ਜਸਪਾਲ ਸਿੰਘ ਨਿੱਝਰ
ਭਾਈ ਪ੍ਰਭਜੀਤ ਸਿੰਘ ਔਲਖ
ਭਾਈ ਹਰਜੀਤ ਸਿੰਘ ਢਿੱਲੋਂ
ਭਾਈ ਗੁਰਬਿੰਦਰ ਸਿੰਘ ਗਿੱਲ
ਭਾਈ ਜੋਗਾ ਸਿੰਘ ਬਸੀ

# ਧਾਰਮਿਕ ਰੁਚੀਆਂ ਦੇ ਧਾਰਨੀ ਅਤੇ ਪੰਥਕ ਜਜ਼ਬੇ ਦੇ ਮੁਰੀਦ ਸਨ ਬਾਬਾ ਜੋਗਿੰਦਰ ਸਿੰਘ

**ਬਾਬਾ ਜੋਗਿੰਦਰ ਸਿੰਘ ਜੀ ਦੀ 18 ਨਵੰਬਰ ਨੂੰ ਬਰਸੀ 'ਤੇ ਵਿਸ਼ੇਸ਼**



**ਬਾਬਾ ਜੋਗਿੰਦਰ ਸਿੰਘ ਜੀ ਦਾ ਜਨਮ 20ਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ 1909 ਈ: ਵਿੱਚ ਮਾਲਵੇ ਦੀ ਧਰਤੀ** 'ਤੇ ਜ਼ਿਲ੍ਹਾ ਫ਼ਿਰੋਜ਼ਪੁਰ (ਹੁਣ ਫ਼ਰੀਦਕੋਟ) ਵਿੱਚ ਤਹਿਸੀਲ ਮੋਗਾ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਵਸੇ ਪਿੰਡ ਰੋਡੇ ਵਿੱਚ ਪਿਤਾ ਬਾਬਾ ਹਰਨਾਮ ਸਿੰਘ ਜੀ ਦੇ ਘਰ ਮਾਤਾ ਨੰਦ ਕੌਰ ਜੀ ਦੀ ਕੁੱਖੋਂ ਹੋਇਆ। ਬਾਬਾ ਜੀ ਦੋ ਭਰਾ ਸਨ। ਦੂਸਰੇ ਭਾਈ ਦਾ ਨਾਂ ਸੱਜਣ ਸਿੰਘ ਸੀ। ਬਾਬਾ ਜੀ ਕਿਸਾਨੀ ਜੀਵਨ ਦੀ ਕਿਰਤ ਦੇ ਨਾਲ ਸਿੱਖੀ ਅਸੂਲਾਂ ਦੇ ਵੀ ਬਹੁਤ ਪ੍ਰਪੱਕ ਸਨ। ਛੋਟੀ ਉਮਰ ਤੋਂ ਹੀ ਬਾਬਾ ਜੀ ਧਾਰਮਿਕ ਰੁਚੀਆਂ ਦੇ ਧਾਰਨੀ ਸਨ। ਆਪ ਨੂੰ ਮਾਤਾ-ਪਿਤਾ ਵੱਲੋਂ ਬਚਪਨ ਤੋਂ ਹੀ ਗੁਰਬਾਣੀ ਪੜ੍ਹਾਉਣ ਅਤੇ ਗੁਰੂ ਘਰ ਦੀਆਂ ਸਾਖੀਆਂ ਸਣਾਉਣ ਵਿੱਚ ਖ਼ਾਸ ਰੁਚੀ ਸੀ।

ਬਾਬਾ ਜੀ ਦੀ ਉਮਰ 6-7 ਸਾਲ ਦੀ ਸੀ ਜਦੋਂ ਉਹ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਸੰਤ ਕਿਰਪਾਲ ਸਿੰਘ ਜੀ ਕੋਲ ਜਾਣ ਲੱਗ ਪਏ ਸਨ। ਸੰਤ ਕਿਰਪਾਲ ਸਿੰਘ ਜੀ ਨੇ ਆਪ ਨੂੰ ਗੁਰਬਾਣੀ ਪੜ੍ਹਨ ਦੀ ਪ੍ਰੇਰਨਾ ਦਿੱਤੀ ਜਿਸ ਤੋਂ ਪ੍ਰਭਾਵਿਤ ਹੋ ਕੇ ਆਪ ਜੀ ਦੇ ਮਨ ਵਿੱਚ ਗੁਰਬਾਣੀ ਪੜ੍ਹਨ ਦਾ ਭਾਰੀ ਉਤਸ਼ਾਹ ਪੈਦਾ ਹੋਇਆ। ਸੰਤ ਕਿਰਪਾਲ ਸਿੰਘ ਜੀ ਤੋਂ ਪੰਜ ਗ੍ਰੰਥੀ, ਬਾਈ ਵਾਰਾਂ, ਭਗਤ ਬਾਣੀ, ਸਾਰ ਕੁਤਾਵਲੀ, ਭਾਂਵਰ ਸਾਂਮ੍ਹਿ, ਚੰਦਰ ਪ੍ਰਬੋਧ ਨਾਟਕ, ਕਬਿੱਤ ਸਵੱਈਏ ਵਾਰਾਂ ਭਾਈ ਗੁਰਦਾਸ ਜੀ, ਗੁਰੂ ਨਾਨਕ ਪ੍ਰਕਾਸ਼, ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਬਾਣੀ ਸੰਥਿਆ ਸਹਿਤ ਪੜ੍ਹੀ। ਸੰਤ ਕ੍ਰਿਪਾਲ ਸਿੰਘ ਜੀ ਦੀ ਪ੍ਰੇਰਨਾ ਸਦਕਾ ਹੀ ਆਪ ਛੋਟੀ ਉਮਰ ਤੋਂ ਹੀ ਨਗਰ ਦੀ ਜਥੇਬੰਦੀ ਦੇ ਮੈਂਬਰ ਬਣੇ ਤੇ ਸ਼ੁਰੂ ਤੋਂ ਹੀ ਭਾਰੀ ਜਜ਼ਬਾਤ ਸਹਿਤ ਪੰਥਕ ਸਰਗਰਮੀਆਂ ਵਿੱਚ ਜੁਟ ਗਏ। ਗੁਰਦੁਆਰਿਆਂ ਦੀ ਆਜ਼ਾਦੀ ਲਈ ਉਹਨਾਂ ਨੇ ਸੰਤ ਕਿਰਪਾਲ ਸਿੰਘ ਰੋਡੇ ਨਾਲ਼ ਮਿਲ਼ ਕੇ ਇਲਾਕੇ ਦੇ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਦੀਨਾ ਸਾਹਿਬ ( ਜ਼ਫ਼ਰਨਾਮਾ) ਮਹੰਤਾਂ ਤੋਂ ਆਜ਼ਾਦ ਕਰਵਾਇਆ। ਬਾਬਾ ਜੋਗਿੰਦਰ ਸਿੰਘ ਜੀ ਇਲਾਕੇ ਵਿੱਚ ਗੱਤਕੇ ਦੇ ਜਥੇਦਾਰ ਵੀ ਸਨ। ਦਮਦਮੀ ਟਕਸਾਲ ਦੇ 11ਵੇਂ ਜਥੇਦਾਰ ਸੰਤ ਬਾਬਾ ਸੁੰਦਰ ਸਿੰਘ ਜੀ ਖ਼ਾਲਸਾ ਹਰ ਸਾਲ ਇੱਕ ਜਾਂ ਡੇਢ ਮਹੀਨਾ ਨਗਰ ਦੇ ਗੁਰਦੁਆਰੇ ਸੰਤ ਕ੍ਰਿਪਾਲ ਸਿੰਘ ਜੀ ਕੋਲ ਠਹਿਰ ਕੇ ਕਥਾ ਤੇ ਕੀਰਤਨ ਦਾ ਪ੍ਰਵਾਹ ਚਲਾਉਂਦੇ ਸਨ। ਛੋਟੀ ਉਮਰ ਵਿੱਚ ਹੀ ਉਹਨਾਂ ਤੋਂ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਅਤੇ ਸੰਤਾਂ-ਮਹਾਂਪੁਰਖਾਂ ਦੀ ਸਿੱਖਿਆ ਅਨੁਸਾਰ ਪੂਰਾ ਜੀਵਨ ਸੱਚ ਤੇ ਸੁੱਚ ਉੱਪਰ ਪਹਿਰਾ ਦਿੰਦਿਆਂ ਸਿੱਖੀ ਕੇਸਾਂ ਸੰਗ ਨਿਭਾਈ। ਬਾਬਾ ਜੀ ਦਾ ਪਿਤਾ-ਪੁਰਖੀ ਕਿੱਤਾ ਖੇਤੀਬਾੜੀ ਸੀ। ਖੇਤੀ ਦਾ ਕੰਮ ਕਰਦਿਆਂ ਆਪ ਉਸ ਪ੍ਰਭੂ ਦੇ ਸਿਮਰਨ ਵਿੱਚ ਜੁੜੇ ਰਹਿੰਦੇ। ਆਪਣੀ ਕਿਰਤ-ਕਮਾਈ ਵਿੱਚੋਂ ਹਮੇਸ਼ਾਂ ਦਸਵੰਧ ਕੱਢਦੇ। ਆਪ ਭਿੰਡਰਾਂਵਾਲੇ ਸੰਤਾਂ, ਦਮਦਮੀ ਟਕਸਾਲ ਨੂੰ ਘਰ ਬੁਲਾ ਕੇ ਲੰਗਰ-ਪਾਣੀ ਦੀ ਸੇਵਾ ਕਰਦੇ ਰਹਿੰਦੇ। ਪੁਰਾਤਨ ਰੀਤੀ ਅਨੁਸਾਰ ਬਾਬਾ ਜੀ ਅਤੇ ਉਹਨਾਂ ਦੇ ਭਰਾ ਭਾਈ ਸੱਜਣ ਸਿੰਘ ਜੀ ਦਾ ਵਿਆਹ ਛੋਟੀ ਉਮਰ ਵਿੱਚ ਹੀ ਕਰ ਦਿੱਤਾ ਗਿਆ ਸੀ। ਹਾਲੇ ਦੋਵਾਂ ਭਾਈਆਂ ਦੀ ਮੁਕਲਾਵੇ ਦੀ ਰਸਮ ਹੋਣੀ ਬਾਕੀ ਸੀ ਕਿ ਭਾਈ ਸੱਜਣ ਸਿੰਘ ਸੁਰਗਵਾਸ ਹੋ ਗਏ ਜਿਨ੍ਹਾਂ ਦਾ ਵਿਆਹ (ਮਾਤਾ) ਨਿਹਾਲ ਕੌਰ ਪਿੰਡ ਗਾਲਿਬ ਕਲਾਂ ਨਾਲ ਹੋਇਆ ਸੀ। ਬਾਬਾ ਜੋਗਿੰਦਰ ਸਿੰਘ ਜੀ ਦਾ ਵਿਆਹ (ਮਾਤਾ) ਧੰਨ ਕੌਰ ਪਿੰਡ ਡਾਲਾ ਨਾਲ ਹੋਇਆ ਸੀ। ਸੰਤ ਬਾਬਾ ਕਿਰਪਾਲ ਸਿੰਘ ਅਤੇ ਦਮਦਮੀ ਟਕਸਾਲ ਦੇ ਮੁਖੀ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੀ ਪ੍ਰੇਰਨਾ ਸਦਕਾ ਆਪ ਨੇ ਨਿਹਾਲ ਕੌਰ ਨਾਲ ਵੀ ਅਨੰਦ-ਕਾਰਜ ਕਰਕੇ ਸ਼ਾਦੀ ਕਰ ਲਈ। ਇਸ ਤਰ੍ਹਾਂ ਬਾਬਾ ਜੋਗਿੰਦਰ ਸਿੰਘ ਜੀ ਦੇ ਦੋ ਵਿਆਹ ਹੋਏ ਸਨ। ਇਸ ਦੌਰਾਨ (ਮਾਤਾ) ਧੰਨ ਕੌਰ ਜੀ ਦੀ ਕੁੱਖੋਂ ਪੰਜ ਸਪੁੱਤਰਾਂ ਭਾਈ ਜਗੀਰ ਸਿੰਘ ਜੀ, ਭਾਈ ਜਗਜੀਤ ਸਿੰਘ ਜੀ, ਭਾਈ ਹਰਚਰਨ ਸਿੰਘ ਜੀ, ਭਾਈ ਜੁਗਰਾਜ ਸਿੰਘ ਜੀ, ਭਾਈ ਹਰਜੀਤ ਸਿੰਘ ਜੀ ਨੇ ਜਨਮ ਲਿਆ। ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਦੋ ਪੁੱਤਰਾਂ ਭਾਈ ਵੀਰ ਸਿੰਘ ਜੀ ਤੇ ਸੰਤ ਜਰਨੈਲ ਸਿੰਘ ਜੀ ਤੇ ਇੱਕ ਪੁੱਤਰੀ ਬੀਬੀ ਇੰਦਰਜੀਤ ਕੌਰ ਨੇ ਜਨਮ ਲਿਆ। ਬਾਬਾ ਜੀ ਨੇ ਸਾਰੇ ਪਰਿਵਾਰ ਨੂੰ ਹੀ ਗੁਰਬਾਣੀ ਨਾਲ ਜੋੜ ਕੇ ਅੰਮ੍ਰਿਤਧਾਰੀ ਬਣਾਇਆ ਅਤੇ ਸਿੱਖੀ ਵਿੱਚ ਪ੍ਰਪੱਕ ਰਹਿਣ ਦੀ ਸਿੱਖਿਆ ਦਿੱਤੀ। ਬਾਬਾ ਜੀ ਦਮਦਮੀ ਟਕਸਾਲ ਦੇ ਜੱਥੇ ਦੇ ਪਿੰਡ ਆਉਣ ਤੇ ਭਾਰੀ ਆਉ ਭਗਤ ਕਰਦੇ। ਆਪ ਜੀ ਦੀ ਸੰਤ ਗਿਆਨੀ ਸੁੰਦਰ ਸਿੰਘ ਜੀ ਤੇ ਸੰਤ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਨਾਲ ਬਹੁਤ ਨੇੜਤਾ ਰਹੀ। ਆਪ ਪਿੰਡ ਰੋਡੇ ਦੇ ਦੋ ਵਾਰ ਸਰਪੰਚ ਵੀ ਬਣੇ। ਆਪ ਪੂਰੀ ਨਗਰ ਪੰਚਾਇਤ ਨੂੰ ਨਾਲ ਲੈ ਕੇ ਟਕਸਾਲ ਦੇ ਜਥੇ ਦੀ ਸੇਵਾ ਕਰਦੇ ਸਨ। ਇੱਕ ਦਿਨ ਜਦੋਂ ਦਮਦਮੀ ਟਕਸਾਲ ਦਾ ਜਥਾ ਪਿੰਡ ਰੋਡੇ ਵਿੱਚ ਪਹੁੰਚਿਆ ਹੋਇਆ ਸੀ ਤਾਂ ਬਾਬਾ ਜੋਗਿੰਦਰ ਸਿੰਘ ਨੇ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਨੂੰ ਜਥੇ ਸਮੇਤ ਘਰ ਪਹੁੰਚ ਕੇ ਲੰਗਰ ਛਕਣ ਦੀ ਬੇਨਤੀ ਕੀਤੀ ਜੋ ਸੰਤਾਂ-ਮਹਾਂਪੁਰਖਾਂ ਨੇ ਪ੍ਰਵਾਨ ਕਰ ਲਈ। ਆਪ ਜਥੇ ਸਮੇਤ ਘਰ ਪਹੁੰਚੇ ਤੇ ਪੰਗਤਾਂ ਲਗਾ ਕੇ ਲੰਗਰ ਛਕਿਆ। ਉਪਰੰਤ ਬਾਬਾ ਜੋਗਿੰਦਰ ਸਿੰਘ ਜੀ ਨੂੰ ਬੁਲਾ ਕੇ ਪੁੱਛਿਆ, "ਜਥੇਦਾਰ ਜੀ ! ਤੁਹਾਡੇ ਕਿੰਨੇ ਭੁਝੰਗੀ (ਪੁੱਤਰ) ਹਨ ? ਤਾਂ ਬਾਬਾ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਸਤਿਗੁਰੂ ਜੀ ਦੀ ਕਿਰਪਾ ਨਾਲ ਸੱਤ ਭੁਝੰਗੀ ਹਨ। ਇਹ ਸੁਣ ਕੇ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਨੇ ਬੜੇ ਪਿਆਰ ਨਾਲ ਕਿਹਾ ਕਿ ਇੱਕ ਭੁਝੰਗੀ ਦਮਦਮੀ ਟਕਸਾਲ ਨੂੰ ਦੇ ਦੇਵੋ।" ਬਾਬਾ ਜੋਗਿੰਦਰ ਸਿੰਘ ਜੀ ਨੇ ਸੱਤਾਂ ਹੀ ਸਪੁੱਤਰਾਂ ਨੂੰ ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਸਾਹਮਣੇ ਖੜ੍ਹਾ ਕਰ ਦਿੱਤਾ ਅਤੇ ਬੇਨਤੀ ਕੀਤੀ, "ਮਹਾਂਪੁਰਸ਼ੋ ! ਮੇਰੇ ਲਈ ਸੱਤੇ ਹੀ ਪੁੱਤਰ ਇੱਕੋ ਜਿਹੇ ਹਨ, ਆਪ ਜਿਸ ਨੂੰ ਚਾਹੋ, ਲੈ ਕੇ ਜਾ ਸਕਦੇ ਹੋ।" ਸੰਤ ਗਿਆਨੀ ਗੁਰਬਚਨ ਸਿੰਘ ਜੀ ਨੇ ਭਾਈ ਜਰਨੈਲ ਸਿੰਘ ਜੋ ਉਮਰ ਵਿੱਚ ਸਭ ਤੋਂ ਛੋਟੇ ਸਨ, ਨੂੰ ਚੁਣਿਆ ਅਤੇ ਕਿਹਾ ਕਿ ਇਹ ਭੁਝੰਗੀ ਸਾਨੂੰ ਦੇ ਦਿਉ। ਉਸੇ ਦਿਨ ਹੀ ਆਪ ਭਾਈ (ਸੰਤ) ਜਰਨੈਲ ਸਿੰਘ ਨੂੰ ਜਥੇ ਵਿੱਚ ਪੱਕੇ ਤੌਰ ਤੇ ਸ਼ਾਮਲ ਕਰਕੇ ਨਾਲ ਲੈ ਗਏ। ਸੰਤ ਗਿਆਨੀ ਗੁਰਬਚਨ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਤੋਂ ਬਾਅਦ 13ਵੇਂ ਮੁਖੀ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦਾ ਵੀ ਬਾਬਾ ਜੋਗਿੰਦਰ ਸਿੰਘ ਨਾਲ ਪੂਰੀ ਨੇੜਤਾ ਵਾਲਾ ਸੰਬੰਧ ਕਾਇਮ ਰਿਹਾ। ਇੱਥੋਂ ਤੱਕ ਕਿ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਆਪ ਜੀ ਨੂੰ 'ਬਾਪੂ ਜੀ' ਕਹਿ ਕੇ ਹੀ ਬੁਲਾਉਂਦੇ ਸਨ। ਆਪ ਜੀ ਨੇ ਆਪਣਾ ਇੱਕ ਪੋਤਰਾ ਭਾਈ ਸਵਰਨ ਸਿੰਘ ਵੀ ਦਮਦਮੀ ਟਕਸਾਲ ਲਈ ਸੰਤ ਗਿਆਨੀ ਕਰਤਾਰ ਸਿੰਘ ਜੀ ਖ਼ਾਲਸਾ ਦੇ ਸਪੁਰਦ ਕਰ ਦਿੱਤਾ। ਇਸ ਦੌਰਾਨ ਸੰਤ ਕਰਤਾਰ ਸਿੰਘ ਜੀ ਤੇ ਭਾਈ (ਸੰਤ) ਜਰਨੈਲ ਸਿੰਘ ਦਾ ਆਪਸੀ ਅਥਾਹ ਪਿਆਰ ਰਿਹਾ। ਜਦੋਂ ਸੰਤ ਕਰਤਾਰ ਸਿੰਘ ਜੀ ਖ਼ਾਲਸਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੰਗਲਾਂ ਦੀ ਸੁਧਾਈ ਕੀਤੀ ਤਾਂ ਭਾਈ (ਸੰਤ) ਜਰਨੈਲ ਸਿੰਘ ਨੂੰ ਆਪਣੇ ਨਾਲ ਰੱਖਿਆ। ਅਚਾਨਕ ਹੀ ਇੱਕ ਐਕਸੀਡੈਂਟ ਦੌਰਾਨ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਣ ਉਪਰੰਤ ਸੰਤ ਕਰਤਾਰ ਸਿੰਘ ਜੀ ਅਕਾਲ ਚਲਾਣਾ ਕਰ ਗਏ। ਉਪਰੰਤ ਬਾਬਾ ਠਾਕੁਰ ਸਿੰਘ ਜੀ ਤੇ ਸਮੂਹ ਸਿੰਘਾਂ ਨੇ ਦਮਦਮੀ ਟਕਸਾਲ ਦੇ 14ਵੇਂ ਮੁਖੀ ਵਜੋਂ ਭਾਈ ਜਰਨੈਲ ਸਿੰਘ ਨੂੰ ਚੁਣਨਾ ਚਾਹਿਆ। ਭਾਈ ਜਰਨੈਲ ਸਿੰਘ ਨੇ ਬਾਬਾ ਜੋਗਿੰਦਰ ਸਿੰਘ ਜੀ ਨੂੰ ਪੁੱਛਿਆ, "ਪਿਤਾ ਜੀ ! ਜਥੇ ਦੇ ਮੁਖੀ ਸਿੰਘ ਦਮਦਮੀ ਟਕਸਾਲ ਦੇ ਮੁਖੀ ਵਜੋਂ ਮੇਰੇ ਨਾਂ ਦੀ ਚਰਚਾ ਕਰ ਰਹੇ ਹਨ। ਇਸ ਉੱਪਰ ਆਪ ਜੀ ਦਾ ਕੀ ਵਿਚਾਰ ਹੈ ? ਤਾਂ ਬਾਬਾ ਜੀ ਨੇ ਬੜੀ ਗੰਭੀਰਤਾ ਨਾਲ ਉੱਤਰ ਦਿੱਤਾ ਕਿ ਇਹ ਅਕਾਲ ਪੁਰਖ ਦੀ ਦਾਤ ਹੈ, ਤੂੰ ਆਪਣੇ ਮਨ ਵਿੱਚ ਕੋਈ ਇੱਛਾ ਨਾ ਰੱਖੀਂ ਕਿ ਇਹ ਦਾਤ ਮੈਨੂੰ ਪ੍ਰਾਪਤ ਹੋਵੇ, ਪਰ ਜੇ ਸੰਗਤ ਤੈਨੂੰ ਹੁਕਮ ਕਰੇ ਤਾਂ ਸਿਰ ਨਿਵਾ ਕੇ ਮੰਨ ਲਈਂ।" ਬਾਬਾ ਠਾਕੁਰ ਸਿੰਘ ਜੀ ਤੇ ਸਮੂਹ ਦਮਦਮੀ ਟਕਸਾਲ ਨੇ ਸੰਤ ਜਰਨੈਲ ਸਿੰਘ ਜੀ ਨੂੰ ਦਮਦਮੀ ਟਕਸਾਲ ਦਾ 14ਵਾਂ ਮੁਖੀ ਨਿਯੁਕਤ ਕਰ ਲਿਆ।

ਬਾਬਾ ਠਾਕੁਰ ਸਿੰਘ ਜੀ ਨਾਲ ਵੀ ਬਾਬਾ ਜੋਗਿੰਦਰ ਸਿੰਘ ਜੀ ਦੀ ਪਹਿਲੇ ਮਹਾਂਪੁਰਖਾਂ ਵਾਂਗ ਨੇੜਤਾ ਅੰਤਿਮ ਸਵਾਸਾਂ ਤੱਕ ਕਾਇਮ ਰਹੀ। ਬਾਬਾ ਜੋਗਿੰਦਰ ਸਿੰਘ ਜੀ ਨੇ ਜੈਤੋ ਦੇ ਮੋਰਚੇ ਵਿੱਚ ਸ਼ਾਮਲ ਸਿੰਘਾਂ ਲਈ ਸੰਤ ਕਿਰਪਾਲ ਸਿੰਘ ਜੀ ਦੇ ਕਹਿਣ ਤੇ ਨਗਰਾਂ, ਪਿੰਡਾਂ ਵਿੱਚੋਂ ਰਾਸ਼ਨ ਦਾ ਪ੍ਰਬੰਧ ਕਰਨ ਦੀ ਜ਼ੁੰਮੇਵਾਰੀ ਆਪਣੇ ਸਿਰ ਲਈ। ਬਾਬਾ ਜੀ ਅਕਾਲੀ ਦਲ ਵੱਲੋਂ ਆਰੰਭੇ ਗਏ ਹਰ ਕਾਰਜ ਵਿੱਚ ਯੋਗਦਾਨ ਪਾਉਂਦੇ ਸਨ। ਆਪ ਨੇ ਨਗਰ ਦੇ ਨੌਜਵਾਨਾਂ ਦੀ ਇੱਕ ਜਥੇਬੰਦੀ ਕਾਇਮ ਕੀਤੀ। ਜਿਸ ਨੂੰ ਗਤਕਾਬਾਜ਼ੀ ਤੇ ਸ਼ਸਤਰ ਵਿੱਦਿਆ ਵਿੱਚ ਨਿਪੁੰਨ ਕੀਤਾ। ਬਾਬਾ ਜੀ ਨੇ ਪੰਜਾਬੀ ਸੂਬੇ ਦੇ ਮੋਰਚੇ ਵਿੱਚ ਕਈ ਇਲਾਕਾ ਨਿਵਾਸੀਆਂ ਸਮੇਤ ਗ੍ਰਿਫਤਾਰੀ ਦਿੱਤੀ। ਬਾਬਾ ਜੀ ਦੀ ਅਗਵਾਈ ਵਿੱਚ 1989 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਪੰਥਕ ਉਮੀਦਵਾਰਾਂ ਨੇ ਵੱਡੀ ਜਿੱਤ ਪ੍ਰਾਪਤ ਕੀਤੀ। ਸ੍ਰ: ਸਿਮਰਨਜੀਤ ਸਿੰਘ ਮਾਨ ਦੇ ਰਿਹਾਅ ਹੋਣ ਤੋਂ ਬਾਅਦ ਬਾਬਾ ਜੀ ਸ਼੍ਰੋਮਣੀ ਅਕਾਲੀ ਦਲ ਪੰਥਕ ਦੀ ਪ੍ਰਧਾਨਗੀ ਉਹਨਾਂ ਨੂੰ ਸੌਂਪ ਕੇ ਫਿਰ ਅੰਮ੍ਰਿਤ-ਪ੍ਰਚਾਰ ਦੀ ਮੁਹਿੰਮ ਵਿੱਚ ਜੁੱਟ ਗਏ। ਆਪ ਨੇ ਕਈ ਵਾਰ ਜ਼ੇਲ੍ਹ ਵੀ ਕੱਟੀ। ਅਪਰੇਸ਼ਨ ਬਲਿਊ ਸਟਾਰ ਸਮੇਂ ਬਾਬਾ ਜੋਗਿੰਦਰ ਸਿੰਘ ਜੀ ਨੂੰ ਘਰ ਵਿੱਚ ਨਜ਼ਰਬੰਦ ਕੀਤਾ ਗਿਆ। ਬਾਬਾ ਜੀ ਅਖ਼ੀਰਲੇ ਦਮ ਤੱਕ ਮੋਰਚਿਆਂ ਵਿੱਚ ਡਟੇ ਰਹੇ ਤੇ ਸੇਵਾ ਦੇ ਕਾਰਜ ਕਰਦੇ ਰਹੇ। ਬਾਬਾ ਜੋਗਿੰਦਰ ਸਿੰਘ ਜੀ 18 ਨਵੰਬਰ 1993 ਈ: ਨੂੰ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਾਈਵੇਟ ਹਸਪਤਾਲ ਵਿੱਚ 85 ਸਾਲ ਦੀ ਉਮਰ ਭੋਗ ਕੇ ਸੱਚ-ਖੰਡ ਜਾ ਬਿਰਾਜੇ। ਅੱਜ 18 ਨਵੰਬਰ ਦਿਨ ਸੋਮਵਾਰ ਨੂੰ ਬਾਬਾ ਜੋਗਿੰਦਰ ਸਿੰਘ ਜੀ ਦੀ 31ਵੀਂ ਬਰਸੀ ਗੁਰਦੁਆਰਾ ਸੰਤ ਖ਼ਾਲਸਾ ਪਿੰਡ ਰੋਡੇ (ਮੋਗਾ) ਵਿਖੇ ਮਨਾਈ ਜਾ ਰਹੀ ਹੈ।

**ਕਰਨੈਲ ਸਿੰਘ ਐੱਮ.ਏ. ਲੁਧਿਆਣਾ**
# 1138/63-ਏ, ਗੁਰੂ ਤੇਗ. ਬਹਾਦਰ ਨਗਰ, ਗਲੀ ਨੰਬਰ 1, ਚੰਡੀਗੜ੍ਹ ਰੋਡ,
ਜਮਾਲਪੁਰ, ਲੁਧਿਆਣਾ




# ਨਿਊਜ਼ੀਲੈਂਡ ਵਿੱਚ ਵਡੀ ਗਿਣਤੀ ਦੀ ਖਾਲਿਸਤਾਨ ਰਾਏਸ਼ੁਮਾਰੀ ਵੋਟਿੰਗ ਨੇ ਭਾਰਤ ਨੂੰ ਸਿੱਖਾਂ 'ਤੇ ਜ਼ੁਲਮ ਖਤਮ ਕਰਨ ਲਈ ਦਿੱਤਾ ਸਖ਼ਤ ਸੰਦੇਸ਼



**37 ਹਜਾਰ ਤੋਂ ਵੱਧ ਵੋਟਾਂ ਪਈਆਂ, ਭਾਰਤ ਵਲੋਂ ਵੋਟਿੰਗ ਰੋਕਣ ਦੇ ਦਬਾਅ ਦੇ ਬਾਵਜੂਦ ਨਿਊਜ਼ੀਲੈਂਡ ਨੇ ਕਰਵਾਈ ਵੋਟਿੰਗ**

ਨਵੀਂ ਦਿੱਲੀ 17 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):- ਨਿਊਜ਼ੀਲੈਂਡ ਦੇ ਆਕਲੈਂਡ ਵਿੱਚ ਆਟੋਆ ਸਕੁਏਅਰ ਵਿੱਚ ਵੱਖਰੇ ਸਿੱਖ ਹੋਮਲੈਂਡ ਲਈ ਜਨਮਤ ਸੰਗ੍ਰਹਿ ਹੋਏ । ਇਸ ਵਿਚ ਸਿੱਖਾਂ ਦੀ ਕੁਲ ਅਬਾਦੀ ਪੰਜਾਹ ਹਜਾਰ ਵਿੱਚੋ ਸੈਂਤੀ ਹਜਾਰ ਤੋਂ ਵੱਧ ਪੰਜਾਬੀ/ ਸਿੱਖਾਂ ਨੇ ਵੋਟਾਂ ਪਾ ਕੇ ਭਾਰਤ ਸਰਕਾਰ ਨੂੰ ਖਾਲਿਸਤਾਨ ਦੇ ਹਕ. ਵਿਚ ਸਪਸ਼ਟ ਸੰਦੇਸ਼ ਦਿੱਤਾ ਹੈ । ਵੋਟਿੰਗ ਕਰਣ ਵਾਲਿਆਂ ਦੀਆਂ ਲਗੀਆਂ ਲੰਮੀਆਂ ਲੰਮੀਆਂ ਲਾਈਨਾਂ ਦੇਖ ਕੇ ਵੋਟਿੰਗ ਦਾ ਸਮਾਂ ਵਧਾਣਾ ਪੈ ਗਿਆ ਸੀ ਬਾਵਜੂਦ ਵਡੀ ਗਿਣਤੀ ਦੇ ਲੋਕ ਵੋਟ ਪਾਉਣ ਤੋਂ ਵਾਂਝੇ ਰਹਿ ਗਏ ਸਨ । ਜਿਕਰਯੋਗ ਹੈ ਕਿ ਭਾਰਤ ਵਲੋਂ ਵੋਟਿੰਗ ਰੁਕਵਾਣ ਦੇ ਪਾਏ ਗਏ ਦਬਾਅ ਨੂੰ ਦੇਖਦੇ ਹੋਏ ਨਿਊਜ਼ੀਲੈਂਡ ਨੇ ਸਿੱਖਸ ਫਾਰ ਜਸਟਿਸ ਨੂੰ ਆਕਲੈਂਡ ਵਿੱਚ ਖਾਲਿਸਤਾਨ ਰਾਏਸ਼ੁਮਾਰੀ ਕਰਵਾਉਣ ਦੀ ਇਜਾਜ਼ਤ ਦਿੱਤੀ ਸੀ ਤੇ ਮੋਦੀ ਨਿਊਜ਼ੀਲੈਂਡ ਵਿੱਚ ਸਿੱਖ ਰਾਇਸ਼ੁਮਾਰੀ ਨੂੰ ਰੋਕਣ ਵਿੱਚ ਅਸਫਲ ਰਹੇ ਹਨ ।ਐਸਐਫਜੇ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਖਾਲਿਸਤਾਨੀ ਰਾਏਸ਼ੁਮਾਰੀ ਪਹਿਲਾਂ ਹੀ ਯੂਨਾਈਟਿਡ ਕਿੰਗਡਮ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਹੋ ਚੁੱਕੀ ਹੈ। ਇਸ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਦੀ ਆਪਣੇ ਵਤਨ ਲਈ ਜਨਮਤ ਸੰਗ੍ਰਹਿ ਵਿਚ ਵੱਡੀ ਸ਼ਮੂਲੀਅਤ ਨੇ ਭਾਰਤ ਨੂੰ ਨਿਰਾਸ਼ ਕਰ ਦਿੱਤਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਖਾਲਿਸਤਾਨ ਰਾਏਸ਼ੁਮਾਰੀ ਦੇ ਨਤੀਜੇ ਸੰਯੁਕਤ ਰਾਸ਼ਟਰ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਸਾਂਝੇ ਕੀਤੇ ਜਾਣਗੇ ਤਾਂ ਜੋ ਵੱਖਰੇ ਸਿੱਖ ਹੋਮਲੈਂਡ ਲਈ ਗਲੋਬਲ ਸਮਰਥਨ ਬਣਾਇਆ ਜਾ ਸਕੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੂੰ ਸਿੱਖਾਂ ਦੇ ਅਧਿਕਾਰਾਂ ਅਤੇ ਆਜ਼ਾਦੀ ਨੂੰ ਮਾਨਤਾ ਦੇਣੀ ਚਾਹੀਦੀ ਹੈ ਕਿਉਂਕਿ ਖਾਲਿਸਤਾਨ ਅੰਦੋਲਨ ਇੱਕ ਆਜ਼ਾਦ ਦੇਸ਼ ਲਈ ਉਨ੍ਹਾਂ ਦੇ ਸੰਘਰਸ਼ ਵਿੱਚ ਦੁਨੀਆ ਭਰ ਦੇ ਸਿੱਖਾਂ ਨੂੰ ਪ੍ਰੇਰਿਤ ਕਰਦਾ ਰਹਿੰਦਾ ਹੈ। ਰਿਪੋਰਟ ਵਿਚ ਅਫ਼ਸੋਸ ਪ੍ਰਗਟਾਇਆ ਗਿਆ ਹੈ ਕਿ ਸਿੱਖਾਂ ਨੂੰ 1947 ਤੋਂ ਬਾਅਦ ਦੀਆਂ ਭਾਰਤੀ ਸਰਕਾਰਾਂ ਦੁਆਰਾ ਯੋਜਨਾਬੱਧ ਜ਼ੁਲਮ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਭਾਰਤ ਵਿੱਚ ਉਨ੍ਹਾਂ ਦੇ ਜ਼ੁਲਮ ਨੇ ਵੱਖਰੇ ਹੋਮਲੈਂਡ ਲਈ ਉਨ੍ਹਾਂ ਦੇ ਅੰਦੋਲਨ ਨੂੰ ਤੇਜ਼ ਕੀਤਾ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਖਾਲਿਸਤਾਨ ਦੀ ਮੰਗ ਹਰ ਸਿੱਖ ਦਾ ਸੁਪਨਾ ਅਤੇ ਜਨਮ ਸਿੱਧ ਅਧਿਕਾਰ ਹੈ ਅਤੇ ਉਹ ਉਦੋਂ ਤੱਕ ਆਰਾਮ ਨਹੀਂ ਕਰਨਗੇ ਜਦੋਂ ਤੱਕ ਉਹ ਭਾਰਤ ਤੋਂ ਆਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ ਕਿਉਂਕਿ ਇੱਕ ਆਜ਼ਾਦ ਦੇਸ਼ ਲਈ ਸਿੱਖ ਸੰਘਰਸ਼ ਉਨ੍ਹਾਂ ਦੇ ਖ਼ੂਨ ਵਿੱਚ ਲਿਖਿਆ ਹੋਇਆ ਹੈ।

# ਇੱਕ ਨਜ਼ਰ...



## ਸੋਸਾਇਟੀਆਂ ਵੱਲੋਂ ਲਗਾਏ ਜਾਂਦੇ ਮੈਡੀਕਲ ਕੈਂਪ ਦੇ ਉਪਰਾਲੇ ਸ਼ਲਾਘਾਯੋਗ: ਸੁੱਖ ਔਜਲਾ

ਚੌਕ ਮਹਿਤਾ, 17 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)- ਉਘੀ ਐਨ.ਜੀ.ਓ ਮਾਝਾ ਵੈਲਫੇਅਰ ਸੋਸਾਇਟੀ ਅੰਮ੍ਰਿਤਸਰ ਵੱਲੋਂ ਪ੍ਰਧਾਨ ਗੁਰਪ੍ਰੀਤ ਸਿੰਘ ਪ੍ਰਿੰਸ ਗੁੰਮਟਾਲਾ ਦੀ ਦੇਖ-ਰੇਖ ਵਿੱਚ ਜਨਤਾ ਹਸਪਤਾਲ ਏਅਰਪੋਰਟ ਰੋਡ ਦੇ ਸਹਿਯੋਗ ਨਾਲ ਉੱਤਰ ਭਾਰਤ ਦੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਮਾਹਿਰ ਸਰਜਨ ਡਾ.ਮੰਨਨ ਆਨੰਦ ਅਤੇ ਸ਼ੂਗਰ ਰੋਗਾਂ ਦੀ ਮਾਹਿਰ ਡਾ.ਮੈਕਸਿਮਾ ਆਨੰਦ ਦੀ ਅਗਵਾਈ ਵਿੱਚ ਪਿੰਡ ਮਾਲਾਂਵਾਲੀ ਮੁਫਤ ਦਿਲ ਅਤੇ ਸ਼ੂਗਰ ਦੀਆਂ ਬਿਮਾਰੀਆਂ ਦਾ ਮੈਡੀਕਲ ਚੈਕਅੱਪ ਕੈਂਪ ਲਗਾਇਆ ਗਿਆ।ਜਿਸ ਵਿੱਚ ਡਾ.ਗੁਰਮੀਤ ਸਿੰਘ ਚਾਹਲ ਅਤੇ ਡਾ.ਵਿਸ਼ਾਲ ਸਲਵਾਨ ਨੇ ਲਗਭਗ 100 ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਮੁਫਤ ਦਵਾਈਆਂ ਦਿੱਤੀਆਂ ਗਈਆਂ।ਇਸ ਕੈਂਪ ਦਾ ਉਦਘਾਟਨ ਸੀਨੀਅਰ ਕਾਂਗਰਸੀ ਆਗੂ ਸੁੱਖਵਿੰਦਰ ਸਿੰਘ ਸੁੱਖ ਔਜਲਾ ਵੱਲੋਂ ਕੀਤਾ ਗਿਆ ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸਾਬਕਾ ਸੀਨੀਅਰ ਡਿਪਟੀ ਮੇਅਰ ਰਮਨ ਬਖਸ਼ੀ,ਸੀਨੀਅਰ ਆਗੂ ਅਰੁਣ ਜੋਸ਼ੀ,ਸਰਪੰਚ ਮਹਾਂਵੀਰ ਸਿੰਘ ਸ਼ਾਮਿਲ ਹੋਏ।ਇਸ ਮੌਕੇ ਔਜਲਾ ਨੇ ਡਾ.ਮੰਨਨ ਆਨੰਦ ਵੱਲੋਂ ਸਮੇਂ-ਸਮੇਂ 'ਤੇ ਲੋੜਵੰਦ ਲੋਕਾਂ ਲਈ ਲਗਾਏ ਜਾਂਦੇ ਕੈਂਪਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇੰਨ੍ਹਾਂ ਕੈਂਪਾਂ ਵਿੱਚ ਲੋੜਵੰਦ ਲੋਕਾਂ ਨੂੰ ਬਹੁਤ ਫਾਇਦਾ ਹੁੰਦਾ ਹੈ।ਇਸ ਮੌਕੇ ਰਮਨ ਬਖਸ਼ੀ ਅਤੇ ਅਰੁਣ ਜੋਸ਼ੀ ਨੇ ਕਿਹਾ ਕਿ ਸਮਾਜ ਸੇਵੀਂ ਸੰਸਥਾਵਾਂ ਨੂੰ ਅਜਿਹੇ ਉਪਰਾਲੇ ਕਰਦੇ ਰਹਿਣਾ ਚਾਹੀਦਾ ਹੈ।ਅੰਤ ਵਿੱਚ ਗੁਰਪ੍ਰੀਤ ਸਿੰਘ ਪ੍ਰਿੰਸ ਨੇ ਆਏ ਹੋਏ ਵਿਸ਼ੇਸ਼ ਮਹਿਮਾਨਾਂ,ਡਾਕਟਰਾਂ ਅਤੇ ਸੋਸਾਇਟੀ ਦੇ ਮੈਂਬਰਾਂ ਨੂੰ ਸਨਮਾਨਿਤ ਕੀਤਾ।ਇਸ ਮੌਕੇ ਹਰਪ੍ਰੀਤ ਸਿੰਘ ਵਿੱਕੀ,ਬਚਿੱਤਰ ਸਿੰਘ,ਜਗਤਾਰ ਸਿੰਘ,ਤਰਸੇਮ ਸਿੰਘ,ਸਰਬ ਸੰਧੂ,ਸਨਮਦੀਪ ਸਿੰਘ,ਰਾਹੁਲ,ਗੁਰਬੇਜ ਸਿੰਘ, ਅੰਮ੍ਰਿਤਪਾਲ ਸਿੰਘ, ਮਨਿੰਦਰ ਸਿੰਘ,ਸਤਬੀਰ ਸਿੰਘ,ਗੁਰਜੀਤ ਸਿੰਘ, ਦਿਲਬਾਗ ਸਿੰਘ,ਅਮਰਜੀਤ ਸਿੰਘ,ਦਲਬੀਰ ਸਿੰਘ ਕੁੱਕੂ,ਨਵਜੀਤ ਸਿੰਘ,ਸਵਿੰਦਰ ਸਿੰਘ,ਮੁੱਖਤਿਆਰ ਸਿੰਘ,ਮਲਕੀਤ ਸਿੰਘ,ਅਮਨ ਸਿੰਘ,ਸਾਖਸ਼ੀ ਠਾਕੁਰ,ਅਵਨਤੀਕਾ ਠਾਕੁਰ,ਆਦਿ ਹਾਜ਼ਰ ਸਨ।

## ਕੇਂਦਰ ਵੱਲੋਂ ਚੰਡੀਗੜ੍ਹ ਵਿੱਚ ਹਰਿਆਣਾ ਨੂੰ ਵੱਖਰੀ ਵਿਧਾਨ ਸਭਾ ਲਈ ਜਗ੍ਹਾ ਦੇਣੀ ਪੰਜਾਬ ਦੇ ਹੱਕਾਂ ਤੇ ਡਾਕਾ: ਦੀਪਕ ਸਿੰਘ ਸਿੱਧੂ

ਲੁਧਿਆਣਾ, 17 ਨਵੰਬਰ (ਵਰਿਆਮ ਹਠੂਰ)- ਕੇਂਦਰ ਸਰਕਾਰ ਵੱਲੋਂ ਚੰਡੀਗੜ੍ਹ ਵਿੱਚ ਹਰਿਆਣਾ ਨੂੰ



ਵਿਧਾਨ ਸਭਾ ਲਈ ਵੱਖਰੀ ਜਗ੍ਹਾ ਦੇਣਾ ਸਿੱਧੇ ਤੌਰ ਤੇ ਪੰਜਾਬ ਦੇ ਹੱਕਾਂ ਤੇ ਡਾਕਾ ਮਾਰਨ ਵਾਲੀ ਗੱਲ ਹੈ।ਚੰਡੀਗੜ੍ਹ ਪੰਜਾਬ ਦਾ ਸੀ ਤੇ ਹਮੇਸ਼ਾ ਰਹੇਗਾ, ਕਿਉਂਕਿ ਚੰਡੀਗੜ੍ਹ ਦੀ ਸਥਾਪਤੀ ਪੰਜਾਬ ਦੇ ਦਰਜਨਾਂ ਪਿੰਡਾਂ ਦੀ ਹੋਂਦ ਨੂੰ ਖ਼ਤਮ ਕਰਕੇ ਹੋਈ ਹੈ। ਤੇ ਅਜਿਹੇ ਫ਼ੈਸਲੇ ਪੰਜਾਬ ਵਿਰੋਧੀ ਹਨ। ਤੇ ਹਰਿਆਣਾ ਆਪਣੀ ਵਿਧਾਨ ਸਭਾ ਹਰਿਆਣੇ ਵਿੱਚ ਹੀ ਬਣਾਵੇ, ਚੰਡੀਗੜ੍ਹ ਤੇ ਸਿਰਫ਼ ਪੰਜਾਬ ਦਾ ਹੱਕ ਹੈ। ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆੜ੍ਹਤੀਆ ਅਤੇ ਸ਼ੈਲਰ ਮਾਲਕ ਦਿਯਾ ਦੀਪਕ ਸਿੰਘ ਸਿੱਧੂ ਰਸੂਲਪੁਰ ਨੇ ਵਿਸ਼ੇਸ਼ ਗੱਲਬਾਤ ਕਰਦਿਆਂ ਕੀਤਾ ਉਨ੍ਹਾਂ ਕਿਹਾ ਕਿ ਇਹ ਪੰਜਾਬ ਨਾਲ ਧੱਕੇਸ਼ਾਹੀ ਹੈ। ਤੇ ਪੰਜਾਬ ਨਾਲ ਧੱਕੇਸ਼ਾਹੀ ਪੰਜਾਬ ਦੀਆਂ ਰਾਜਨੀਤਕ ਪਾਰਟੀਆਂ, ਸਮਾਜਿਕ ਅਤੇ ਧਾਰਮਿਕ ਜਥੇਬੰਦੀਆਂ ਅਤੇ ਪੰਜਾਬ ਦੇ ਹਰ ਵਰਗ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਇਹ ਪੰਜਾਬੀਆਂ ਨਾਲ ਧੋਖੇਬਾਜ਼ੀ ਹੋਵੇਗੀ। ਉਨ੍ਹਾਂ ਅੱਗੇ ਕਿਹਾ ਕਿ ਕੇਂਦਰ ਅਜਿਹੇ ਫ਼ੈਸਲੇ ਤੇ ਤੁਰੰਤ ਰੋਕ ਲਗਾਵੇ, ਤੇ ਚੰਡੀਗੜ੍ਹ ਨਾਲ ਸਬੰਧਤ ਅਜਿਹੇ ਫ਼ੈਸਲਿਆਂ ਤੋਂ ਪਹਿਲਾਂ ਪੰਜਾਬ ਦੀਆਂ ਸਭ ਰਾਜਨੀਤਕ ਪਾਰਟੀਆਂ, ਧਾਰਮਿਕ, ਅਤੇ ਸਮਾਜਿਕ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰਨਾ ਚਾਹੀਦਾ ਹੈ। ਨਾਂ ਕਿ ਆਪਣੀ ਮਨਮਰਜ਼ੀ ਨਾਲ ਫੈਸਲਾ ਥੋਪਣਾ, ਚੰਡੀਗੜ੍ਹ ਤੇ ਸਿਰਫ਼ ਪੰਜਾਬ ਦਾ ਹੱਕ ਹੈ। ਤੇ ਪੰਜਾਬ ਦੇ ਲੋਕ ਆਪਣੇ ਹੱਕਾਂ ਤੇ ਡਾਕਾ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

## ਰਿਆਣਾ ਸਿੱਖ ਕਤਲੇਆਮ ਮਾਮਲੇ ਦੇ 133 ਕੇਸਾਂ ਦੀ ਅਹਿਮ ਸੁਣਵਾਈ ਹਾਈਕੋਰਟ 'ਚ 19 ਨਵੰਬਰ ਨੂੰ

### 40 ਸਾਲਾਂ ਬਾਅਦ ਵੀ ਪੀੜ੍ਹਤਾਂ ਨੂੰ ਇਨਸਾਫ ਨਾ ਮਿਲਣਾ ਭਾਰਤੀ ਨਿਆਂ ਪ੍ਰਣਾਲੀ 'ਤੇ ਪ੍ਰਸ਼ਨ ਚਿੰਨ - ਭਾਈ ਘੋਲੀਆ

ਚੌਕ ਮਹਿਤਾ, 17 ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)- 1984 'ਚ ਹਰਿਆਣਾ ਵਿਖੇ ਹੋਏ ਸਿੱਖਾਂ ਦੇ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ ਦਵਾਉਣ ਲਈ ਲੰਮੇ ਸਮੇਂ ਤੋਂ ਕਾਨੂੰਨੀ ਲੜਾਈ ਲੜ ਰਹੇ ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਦੇ ਪ੍ਰਧਾਨ ਭਾਈ ਦਰਸ਼ਨ ਸਿੰਘ ਘੋਲੀਆ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰਿਆਣਾ ਦੇ ਗੁੜਗਾਉਂ ਅਤੇ ਪਟੌਦੀ 'ਚ ਹੋਏ 47 ਸਿੱਖਾਂ ਦੇ ਕਤਲੇਆਮ ਸਮੇਤ 83 ਹੋਰ ਪੀੜਤਾਂ ਦੇ ਮਾਮਲਿਆਂ ਨੂੰ ਲੈ ਕੇ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਇਰ ਕੀਤੇ 133 ਪਟੀਸ਼ਨ ਕਰਤਾ ਦੀ ਮਾਨਯੋਗ ਪੰਜਾਬ ਹਰਿਆਣਾ ਹਾਈ ਕੋਰਟ ਵਿਖੇ 19 ਨਵੰਬਰ ਨੂੰ ਸੁਣਵਾਈ ਕੀਤੀ ਜਾ ਰਹੀ ਹੈ। ਪ੍ਰਧਾਨ ਦਰਸ਼ਨ ਸਿੰਘ ਘੋਲੀਆ ਨੇ ਕਿਹਾ ਹੈ ਕਿ ਉਪਰੋਤਕ ਦੋਹਾਂ ਸ਼ਹਿਰਾਂ ਦੇ ਹੋਏ ਕਤਲੇਆਮ ਦੌਰਾਨ 297 ਸਿੱਖਾਂ ਦੇ ਘਰਾਂ ਨੂੰ ਚੁਣ ਚੁਣ ਕੇ ਨਿਸ਼ਾਨਾ ਬਣਾਇਆ ਗਿਆ ਸੀ ਜਦੋਂ ਕਿ ਵੱਡੀ ਗਿਣਤੀ 'ਚ ਸਿੱਖ ਬੀਬੀਆਂ ਅਤੇ ਬੱਚਿਆਂ ਨੂੰ ਵੀ ਜਖਮੀ ਕਰ ਦਿੱਤਾ ਗਿਆ ਤੇ ਹੋਏ ਮਾਲੀ ਨੁਕਸਾਨ ਸਿੱਖਾਂ ਦੀਆਂ ਇਸ ਇਲਾਕੇ ਵਿੱਚ ਲੱਗੀਆਂ ਫੈਕਟਰੀਆਂ ਨੂੰ ਵੀ ਤਬਾਹ ਕਰ ਦਿੱਤਾ ਗਿਆ ਸੀ। ਹੋਂਦ ਚਿੱਲੜ ਸਿੱਖ ਇਨਸਾਫ ਕਮੇਟੀ ਵੱਲੋਂ ਮੌਕੇ ਦੇ ਗਵਾਹ ਅਤੇ ਪੀੜਤ ਸੰਤੋਖ ਸਿੰਘ ਸਾਹਨੀ ਰਾਹੀਂ ਰਿਟ ਨੰਬਰ 10904 ਮਾਨਯੋਗ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਕੇਸ ਲਾਏ ਹਨ। ਇਸ ਮਾਮਲੇ ਦੀ ਕਾਨੂੰਨੀ ਪੈਰਵਾਈ ਹਾਈਕੋਰਟ ਦੇ ਸੀਨੀਅਰ ਵਕੀਲ ਗਗਨਪ੍ਰਦੀਪ ਸਿੰਘ ਬੱਲ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਟੌਦੀ ਸ਼ਹਿਰ ਵਿੱਚ ਜੀਵਨੀ ਬਾਈ ਦੇ ਤਿੰਨ ਬੱਚਿਆਂ ਨੂੰ ਦਰਿੰਦਿਆਂ ਨੇ ਬੁਰੀ ਤਰ੍ਹਾਂ ਜਖਮੀ ਕਰਕੇ ਮਾਰ ਮੁਕਾਇਆ ਸੀ ਅਤੇ ਨਵੀਂ ਵਿਆਹੀ ਕਮਲਜੀਤ ਕੌਰ ਦੇ ਪਤੀ ਨੂੰ ਸ਼ਹਿਰ ਵਿੱਚ ਪੱਥਰ ਮਾਰ ਕੇ ਮਾਰ ਦਿੱਤਾ ਤੇ ਘਰ ਨੂੰ ਅੱਗ ਲਾ ਦਿੱਤੀ ਸੀ। ਪ੍ਰਧਾਨ ਘੋਲੀਆ ਨੇ ਕਿਹਾ ਹੈ ਕਿ ਭਾਂਵੇਂ ਇਨਸਾਫ ਦੀ ਉਡੀਕ ਕਰਦੇ ਕਰਦੇ ਕਈ ਪੀੜਿਤ ਰੱਬ ਨੂੰ ਪਿਆਰੇ ਹੋ ਗਏ ਹਨ ਪਰ ਉਹ ਪੀੜਿਤ ਪਰਿਵਾਰਾਂ ਨੂੰ ਨਿਆਂ ਦਵਾਉਣ ਲਈ ਕਾਨੂੰਨੀ ਲੜਾਈ ਨਿਰੰਤਰ ਜਾਰੀ ਰੱਖਣਗੇ।



### ਯੂ.ਕੇ. ਸੰਸਦ 'ਚ ਇਤਿਹਾਸ ਰਚਿਆ, ਬਰਤਾਨਵੀ ਰਾਜੇ-ਰਾਣੀਆਂ ਦੇ ਚਿੱਤਰਾਂ ਬਰਾਬਰ ਸਿੱਖ ਦੀ ਤਸਵੀਰ

# ਬਰਤਾਨਵੀ ਸੰਸਦ ਵਿੱਚ 92 ਸਾਲਾਂ ਸਿੱਖ ਸੰਸਦ ਮੈਂਬਰ ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਲੱਗੀ





ਲੰਡਨ, 17 ਨਵੰਬਰ ( ਸਰਬਜੀਤ ਸਿੰਘ ਬਨੂੜ)- ਯੂਰਪ ਅਤੇ ਬਰਤਾਨੀਆ ਦੇ ਪਹਿਲੇ ਦਸਤਾਰਧਾਰੀ ਸਿੱਖ ਸੰਸਦ ਮੈਂਬਰ ਲਾਰਡ ਇੰਦਰਜੀਤ ਸਿੰਘ ਵੱਲੋਂ ਸੰਸਦ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਅਤੇ ਯੂਕੇ ਲਈ ਬਿਹਤਰ ਲੋਕ ਸੇਵਾਵਾਂ ਦੇਣ ਦੇ ਯੋਗਦਾਨ ਵਜੋਂ ਉਨ੍ਹਾਂ ਦਾ ਚਿੱਤਰ ਵੈਸਟਮਿੰਸਟਰ, ਲੰਡਨ ਸਥਿਤ ਬਰਤਾਨਵੀ ਸੰਸਦ ਦੇ ਉਪਰਲੇ ਸਦਨ 'ਹਾਉਸ ਆਫ ਲਾਰਡਜ਼' ਦੇ ਬਿਸ਼ਪ ਕਾਰੀਡੋਰ ਵਿੱਚ ਸਥਾਪਿਤ ਕੀਤਾ ਗਿਆ ਹੈ। ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਬਰਤਾਨਵੀ ਸੰਸਦ ਵਿੱਚ ਕਿਸੇ ਸਿੱਖ ਦੀ ਤਸਵੀਰ ਲਾਈ ਗਈ ਹੈ। ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਦੇ ਘੁੰਡ ਚੁਕਾਈ ਸਮਾਰੋਹ ਵਿੱਚ ਬ੍ਰਿਟਿਸ਼ ਸਿੱਖ ਸੰਸਦ ਮੈਂਬਰਾਂ ਵਿੱਚ ਹੇਠਲੇ ਸਦਨ 'ਹਾਊਸ ਆਫ ਕਾਮਨਜ' ਦੇ ਸਲੋਹ ਹਲਕੇ ਤੋਂ ਪਹਿਲੇ ਸਿੱਖ ਮੈਂਬਰ ਤਨਮਨਜੀਤ ਸਿੰਘ ਢੇਸੀ, ਲਾਰਡ ਕੁਲਦੀਪ ਸਿੰਘ ਸਹੋਤਾ, ਸੰਸਦ ਮੈਂਬਰ ਜਸ ਅਠਵਾਲ, ਸੰਸਦ ਮੈਂਬਰ ਕਿਰਥ ਐਂਟਵਿਸਲ, ਸੰਸਦ ਮੈਂਬਰ ਰਿਚਰਡ ਬੇਕਨ, ਸੰਸਦ ਮੈਂਬਰ ਭਗਤ ਸਿੰਘ ਸ਼ੰਕਰ ਅਤੇ ਲੇਡੀ ਸਿੰਘ ਕੰਵਲਜੀਤ ਕੌਰ ਓਬੀਈ ਸਮੇਤ ਉਨ੍ਹਾਂ ਦੇ ਪਰਿਵਾਰ ਅਤੇ ਦੋਸਤ ਵੀ ਹਾਜ਼ਰੀ ਸਨ। ਇਸ ਮੌਕੇ ਐਮ ਪੀ ਸ ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਸੰਸਦ ਵਿੱਚ ਲਾਰਡ ਇੰਦਰਜੀਤ ਸਿੰਘ ਦੀ ਤਸਵੀਰ ਲਾਉਣੀ ਇੱਕ ਇਤਿਹਾਸਕ ਕਦਮ ਹੈ ਅਤੇ ਇਹ ਤਸਵੀਰ ਇਸ ਇਤਿਹਾਸਕ ਸੰਸਦ ਭਵਨ ਦੇ ਸਭ ਸੰਸਦ ਮੈਂਬਰਾਂ ਅਤੇ ਦਰਸ਼ਕਾਂ ਲਈ ਖਿੱਚ ਦਾ ਕੇਂਦਰ ਬਣੇਗਾ। ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਦੇ ਖਜਾਨਚੀ, ਪੁੱਡੂਚੇਰੀ ਤੋਂ ਹਰਸਰਨ ਸਿੰਘ, ਸਾਬਕਾ ਮੇਅਰ ਜੋਗਿੰਦਰ ਸਿੰਘ ਬੱਲ, ਸਾਬਕਾ ਕੌਂਸਲਰ ਕਮਲਜੀਤ ਕੋਰ, ਜੀ.ਐਸ.ਸੀ. ਦੇ ਡਿਪਟੀ ਪ੍ਰਧਾਨ ਰਾਮ ਸਿੰਘ, ਜੀ.ਐਸ.ਸੀ. ਦੇ ਸਕੱਤਰ ਹਰਜੀਤ ਸਿੰਘ ਗਰੇਵਾਲ, ਸਿੱਖ ਪ੍ਰਚਾਰ ਕਮੇਟੀ ਦੇ ਚੇਅਰਮੈਨ, ਰਜਿੰਦਰ ਸਿੰਘ, ਇਸ ਪ੍ਰਾਪਤੀ 'ਤੇ ਦੂਰਦਰਸ਼ੀ ਨੇਤਾ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਯੂ.ਕੇ. ਦੀ ਸੰਸਦ ਵਿੱਚ ਲਾਰਡ ਸਿੰਘ ਦਾ ਚਿੱਤਰ ਲਗਾਇਆ ਜਾਣਾ ਸਮੁੱਚੀ ਸਿੱਖ ਕੌਮ ਅਤੇ ਪੰਜਾਬੀ ਸਮਾਜ ਲਈ ਬਹੁਤ ਮਾਣ ਵਾਲੀ ਗੱਲ ਹੈ। ਲਾਰਡ ਇੰਦਰਜੀਤ ਸਿੰਘ (92), ਸੀਬੀਈ, ਸਾਲ 2011 ਤੋਂ ਹਾਊਸ ਆਫ ਲਾਰਡਜ਼ ਦੇ ਮੈਂਬਰ ਹਨ। ਉਹ ਸਭ ਮਹੱਤਵਪੂਰਨ ਮੌਕਿਆਂ 'ਤੇ ਸਿੱਖਾਂ ਦੀ ਪ੍ਰਤੀਨਿਧਿਤਾ ਕਰਦੇ ਆ ਰਹੇ ਹਨ, ਜਿਸ ਵਿੱਚ ਰਾਜਕੁਮਾਰਾਂ ਦੀਆਂ ਸ਼ਾਦੀਆਂ ਵੀ ਸ਼ਾਮਲ ਹਨ। ਇਸ ਤੋਂ ਇਲਾਵਾ, ਉਨ੍ਹਾਂ ਨੂੰ ਮਹਾਰਾਜਾ ਚਾਰਲਜ਼ ਤੀਜੇ ਦੇ ਰਾਜਤਿਲਕ ਸਮਾਰੋਹ ਵਿੱਚ ਇੱਕ ਵਿਲੱਖਣ ਮੌਕਾ ਮਿਲਿਆ, ਜਦੋਂ ਉਨ੍ਹਾਂ ਨੇ ਮਹਾਰਾਜੇ ਨੂੰ ਦਸਤਾਨੇ ਭੇਟ ਕੀਤੇ, ਜੋ ਉਨ੍ਹਾਂ ਦੇ ਰਾਜ ਵਿੱਚ ਵਸਦੇ ਲੋਕਾਂ ਪ੍ਰਤੀ ਨਰਮਦਿਲੀ ਅਤੇ ਬਿਹਤਰ ਸੋਚਵਿਚਾਰ ਦਾ ਪ੍ਰਤੀਕ ਸਨ।

## ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵੱਲੋਂ ਲੋੜਵੰਦਾਂ ਨੂੰ ਗਰਮ ਕੱਪੜੇ ਅਤੇ ਬੂਟ ਵੰਡ ਕੇ ਮਨਾਇਆ ਗੁਰਪੁਰਬ







ਬਰਨਾਲਾ, 17 ਨਵੰਬਰ (ਵਰਿਆਮ ਹਠੂਰ)- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਦੇ ਸਮੂਹ ਸਟਾਫ਼ ਅਤੇ ਬੱਚਿਆਂ ਵੱਲੋਂ ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਲੋੜਵੰਦ ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਅਤੇ ਹੋਰ ਲੋੜਵੰਦਾਂ ਨੂੰ, ਸਰਦੀ ਨੂੰ ਮੱਦੇਨਜ਼ਰ ਰੱਖਦਿਆਂ ਵੱਖ ਵੱਖ ਥਾਵਾਂ ਤੇ ਗਰਮ ਕੱਪੜਿਆਂ ਅਤੇ ਬੂਟਾਂ ਦੀ ਵੰਡ ਕੀਤੀ ਗਈ। ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਦੱਸਿਆ ਕਿ ਸਾਨੂੰ ਇਸ ਨਿਵੇਕਲੇ ਢੰਗ ਨਾਲ ਤਿਉਹਾਰ ਮਨਾਉਣੇ ਚਾਹੀਦੇ ਹਨ। ਜਿਸ ਨਾਲ ਲੋੜਵੰਦ ਪਰਿਵਾਰਾਂ ਦੀ ਮਦਦ ਹੋ ਸਕੇ ਤੇ ਲੋੜਵੰਦਾਂ ਨੂੰ ਮੌਸਮ ਅਨੁਸਾਰ ਆ ਰਹੀ ਠੰਡ ਦੇ ਪ੍ਰਕੋਪ ਤੋਂ ਬਚਾਇਆ ਜਾ ਸਕੇ। ਅਜਿਹੇ ਉਪਰਾਲੇ ਸਾਨੂੰ ਸਾਰਿਆਂ ਨੂੰ ਆਪੋ ਆਪਣੇ ਵਿੱਤ ਅਨੁਸਾਰ ਕਰਦੇ ਰਹਿਣਾ ਚਾਹੀਦਾ ਹੈ ਤੇ ਖ਼ੁਸ਼ੀਆਂ ਵਾਲੇ ਹਰ ਤਿਉਹਾਰਾਂ ਦੇ ਨਾਲ ਨਾਲ ਸਮੇਂ ਸਮੇਂ ਤੇ ਲੋੜਵੰਦਾਂ ਨਾਲ ਮਦਦ ਲਈ ਖੜ੍ਹਨਾ ਚਾਹੀਦਾ ਹੈ।ਇਸ ਮੌਕੇ ਸਕੂਲ ਸਟਾਫ਼ ਵਿੱਚੋਂ ਮੈਡਮਾਂ ਨੇ ਕਿਹਾ ਕਿ ਸਾਨੂੰ ਲੋੜਵੰਦ ਲੋਕਾਂ ਦੀ ਮਦਦ ਹਮੇਸ਼ਾ ਹੀ ਕਿਸੇ ਨਾ ਕਿਸੇ ਰੂਪ ਵਿਚ ਕਰਦੇ ਰਹਿਣਾ ਚਾਹੀਦਾ ਹੈ। ਸਾਡੇ ਸਕੂਲ ਵੱਲੋਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਫੇਰ ਉਪਰਾਲੇ ਕੀਤੇ ਗਏ ਹਨ ਤੇ ਸਤਿਗੁਰਾਂ ਦੀ ਅਪਾਰ ਕਿਰਪਾ ਸਦਕਾ ਆਉਣ ਵਾਲੇ ਸਮੇਂ ਵਿੱਚ ਵੀ ਜਾਰੀ ਰਹਿਣਗੇ, ਇਸ ਮੌਕੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ, ਕੁਲਜੀਤ ਸਿੰਘ ਦੀਵਾਨਾ, ਗੁਰਪ੍ਰੀਤ ਕੌਰ, ਰਮਨਜੀਤ ਕੌਰ, ਅਮਨਦੀਪ ਕੌਰ, ਸੁਖਮੀਤ ਕੌਰ, ਪਵਨਜੀਤ ਕੌਰ, ਪ੍ਰਦੀਪ ਕੌਰ, ਮਨਦੀਪ ਕੌਰ, ਅਮਨਜੋਤ ਕੌਰ, ਲਛਮਣੀ, ਤਰਨਜੀਤ ਕੌਰ, ਕਮਲਜੀਤ ਕੌਰ, ਪ੍ਰਭਜੋਤ ਕੌਰ, ਨਵਜੋਤ ਕੌਰ, ਰਮਨਦੀਪ ਕੌਰ, ਸੁਖਜੀਤ ਕੌਰ , ਰਮਨਦੀਪ ਕੌਰ ਹਾਜ਼ਿਰ ਸਨ।

## ਮੈਂ ਆਪਣੇ ਚੰਗਿਆੜਾ ਦਿਵਸ ਤੇ ਆਪਣੀ ਅੰਤਿਮ ਅਰਦਾਸ ਕਰਵਾਉਣਾ ਚਾਹੁੰਦਾ ਹਾਂ : ਢਾਡੀ ਮਾਨ ਸਿੰਘ ਅਕਾਲੀ 96 ਕਰੋੜੀ ਪੰਥ ਬੁੱਢਾ ਦਲ


ਮਾਨ ਸਿੰਘ ਅਕਾਲੀ ਪੰਥ ਬੁੱਢਾ ਦਲ 96 ਕਰੋੜੀ ਜੀ ਨੇ ਫੋਨ ਤੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਮੈਂ ਆਪਣੇ ਚੰਗਿਆੜਾ ਦਿਵਸ

**ਖਾਲਸਾ ਦੀ ਪੁਰਾਤਨ ਰਵਾਇਤਾਂ ਦੇ ਮੁਤਾਬਕ 40 ਸਾਲ ਦੀ ਉਮਰ ਤੋਂ ਬਾਅਦ ਸਿੰਘ ਖੁਦ ਕਰਵਾਉਂਦੇ ਸੀ ਆਪਣੀ ਅੰਤਿਮ ਅਰਦਾਸ**



(ਮਤਲਬ ਜਨਮਦਿਨ) ਤੇ ਆਪਣੀ ਅੰਤਿਮ ਅਰਦਾਸ ਕਰਵਾਉਣਾ ਚਾਹੁੰਦਾ ਹਾਂ ।ਮਾਨ ਸਾਹਿਬ ਨੇ ਗੱਲ ਕਰਦੇ ਹੋਏ ਕਿਹਾ ਕਿ ਜਿਹੜੇ ਮੇਰੇ ਬਚੇ ਹੋਏ ਸੁਆਸ ਨੇ ਉਹ ਮੈਂ ਖਾਲਸਾ ਪੰਥ ਦੇ ਨਾਮ ਲਾਉਣਾ ਚਾਹੁੰਦਾ ਹਾਂ ।ਮਾਨ ਸਾਹਿਬ ਨੇ ਕਿਹਾ ਕਿ ਸੱਚ ਦੀ ਆਵਾਜ਼ ਹਮੇਸ਼ਾ ਬੁਲੰਦ ਕੀਤੀ ਆ ਤੇ ਸੱਚ ਦੀ ਆਵਾਜ਼ ਹਮੇਸ਼ਾ ਬੁਲੰਦ ਕਰਦੇ ਰਹਾਂਗੇ ।ਨਾ ਲੋਕਾਂ ਦੇ ਦਬਕਿਆਂ ਦੇ ਨਾਲ ਦਬਣਾ ਤੇ ਨਾ ਸਾਨੂੰ ਕੋਈ ਧਮਕਾ ਸਕਦਾ ।ਅਸੀਂ ਸਿਰਫ ਅਕਾਲ ਪੁਰਖ ਦੇ ਹੁਕਮ ਦੇ ਅੰਦਰ ਬੋਲਦੇ ਆ ਤੇ ਅਕਾਲ ਪੁਰਖ ਦੇ ਹੁਕਮ ਦੇ ਅੰਦਰ ਹੀ ਬੋਲਣਾ ਬੰਦ ਹੋ ਜਾਣਾ ।ਚੰਗਿਆੜਾ ਦਿਵਸ ਵਾਲੇ ਦਿਨ ਹੀ ਉਸ ਬਾਣੇ ਦੀ ਅਰਦਾਸ ਵੀ ਕਰਵਾਉਣੀ ਹੈ ਜੋ ਮੈਨੂੰ ਸੰਸਾਰ ਤੋਂ ਜਾਣ ਵੇਲੇ ਪਾਇਆ ਜਾਵੇਗਾ ।ਬਾਣਾ ਮਤਲਬ ਚੋਲਾ ਦਮਾਲਾ ਕਛਹਿਰਾ ਸਭ ਕੁਝ ਉਹੀ ਮੈਨੂੰ ਆਖਰੀ ਯਾਤਰਾ ਤੇ ਪਾਇਆ ਜਾਵੇਗਾ , ਜੋ ਚੰਗਿਆੜੇ ਵਾਲੇ ਦਿਨ ਅਰਦਾਸ ਵਿੱਚ ਸ਼ਾਮਿਲ ਕੀਤਾ ਜਾਵੇਗਾ । ਇਹ ਨਹੀਂ ਹੈਗਾ ਕਿ ਯਾਤਰਾ ਵੇਲੇ ਦੁਮਾਲਾ ਨਹੀਂ ਸਜਾਉਣਾ , ਜਾਂ ਚੋਲੇ ਨੂੰ ਗੇਜਾ ਨਹੀਂ ਲਾਉਣਾ ਇਸ ਤਰ੍ਹਾਂ ਦਾ ਵਹਿਮ ਭਰਮ ਕੋਈ ਨਹੀਂ ਕਰਨਾ ।ਜਿਸ ਤਰੀਕੇ ਨਾਲ ਹੁਣ ਗੁਰੂ ਸਾਹਿਬ ਦਾ ਬਖਸ਼ਿਆ ਹੋਇਆ ਬਾਣਾ ਪਹਿਨ ਕੇ ਰਹਿਨੇ ਹਾਂ ।ਇਸੇ ਤਰੀਕੇ ਨਾਲ ਸੰਸਾਰ ਦੀ ਯਾਤਰਾ ਪੂਰੀ ਕਰਕੇ ਸਾਰਾ ਕੁਝ ਉਸੇ ਤਰੀਕੇ ਨਾਲ ਸਜਾ ਕੇ ਫਿਰ ਮੈਨੂੰ ਭੇਜਿਆ ਜਾਵੇ ।ਖਾਲਸਾ ਪੰਥ ਨੂੰ ਇਸ ਗੱਲ ਦੀ ਆਵਾਜ਼ ਵੀ ਮੈਂ ਅੱਜ ਦਿੰਦਾ ਹਾਂ ਕਿ ਜਿਸ ਦਿਨ ਮੇਰੀ ਆਖਰੀ ਯਾਤਰਾ ਨਿਕਲੇ ਉਸ ਦਿਨ ਸਮੁੱਚਾ ਖਾਲਸਾ ਪੰਥ ਉਸ ਯਾਤਰਾ ਦਾ ਹਿੱਸਾ ਬਣੇ ।ਮਾਨ ਸਾਹਿਬ ਨੇ ਵੱਡੀ ਗੱਲ ਕਰਦੇ ਹੋਏ ਕਿਹਾ ਕਿ ਅਸੀਂ ਧੀਆਂ ਭੈਣਾਂ ਦੀ ਹੁੰਦੀ ਬੇਪੱਤੀ, ਆਪਣੇ ਭਰਾਵਾਂ ਦੀਆਂ ਲੱਥ ਦੀਆਂ ਪੱਗਾਂ ਵੇਖ ਕੇ ਚੁੱਪ ਕਰਕੇ ਘਰੇ ਨਹੀਂ ਬੈਠ ਸਕਦੇ ।ਸਾਡੇ ਦਿਲ ਦੇ ਅੰਦਰ ਆਪਣੇ ਭੈਣ ਭਰਾਵਾਂ ਪ੍ਰਤੀ ਦਰਦ ਸਾਨੂੰ ਬੋਲਣ ਤੇ ਮਜਬੂਰ ਕਰਦਾ ।ਜੋ ਇੱਕ ਸੱਚੇ ਸਿੱਖ ਦੀ ਜਿੰਮੇਵਾਰੀ ਹੈ ਉਹੀ ਨਿਭਾ ਰਹੇ ਹਾਂ ।ਮਾਨ ਸਾਹਿਬ ਨੇ ਗੱਲ ਕਰਦੇ ਹੋਏ ਕਿਹਾ ਕਿ ਰਣਨੀਤੀ ਸਾਨੂੰ ਆਉਂਦੀ ਆ ਅਸੀਂ ਸ੍ਰੀ ਗੁਰੂ ਹਰਗੋਬਿੰਦ ਸਿੰਘ ਛੇਵੇਂ ਪਾਤਸ਼ਾਹ ਦੇ ਸਿੰਘ ਹਾਂ ।ਰਾਜਨੀਤੀ ਨਾ ਸਾਨੂੰ ਆਉਂਦੀ ਆ ਤੇ ਨਾ ਅਸੀਂ ਕਰਨੀ ਆ ।ਮਾਨ ਸਾਹਿਬ ਨੇ ਕਿਹਾ ਕਿ ਰਾਜਨੀਤੀ ਤੇ ਰਣਨੀਤੀ ਦੇ ਵਿੱਚ ਫਰਕ ਹੁੰਦਾ ।ਰਾਜਨੀਤੀ ਇਹ ਕਹਿੰਦੀ ਆ ਕਿ ਬੇਸ਼ੱਕ ਪਿੱਠ ਤੇ ਵਾਰ ਕਰਦੇ ਦਿਓ ਸਾਹਮਣੇ ਵਾਲਾ ਸਾਡਾ ਕਿਹੜਾ ਹੈਗਾ ।ਰਣਨੀਤੀ ਇਹ ਕਹਿੰਦੀ ਹੈ ਕਿ ਸਾਹਮਣੇ ਵਾਲੇ ਤੇ ਜਿੱਤ ਕਿਵੇਂ ਪਾਉਣੀ ਆ ।ਰਾਜਨੀਤੀ ਧੋਖਾ ਤੇ ਰਣਨੀਤੀ ਇੱਕ ਦਾਇਰੇ ਦੇ ਵਿੱਚ ਬੰਦਾ ਘੇਰਨਾ ।ਮਾਨ ਸਾਹਿਬ ਨੇ ਆਖਿਰ ਦੇ ਵਿੱਚ ਗੱਲ ਕਰਦੇ ਹੋਏ ਕਿਹਾ ਕਿ ਅਸੀਂ ਸੱਚੇ ਸੀ ਜਾਂ ਝੂਠੇ ਸੀ ਇਹਦਾ ਫੈਸਲਾ ਅਕਾਲ ਪੁਰਖ ਕਰੂਗਾ ਆਉਣ ਵਾਲਾ ਸਮਾਂ ਕਰੂਗਾ।

ਪਰਗਟ ਸਿੰਘ ਬਲਬੇੜਾ 9022000070



GURU NANAK GURDWARA SMETHWICK
IN CELEBRATION OF THE AVTAR PURABH OF
DHAN DHAN SRI GURU NANAK DEV JI
GURMAT SMAGAM
12-17 NOV 2024
SRI AKHAND PAATH
ARAMBH 12 NOV - 11:30PM | BHOG 14 NOV -11:30PM
ALL DAY SMAGAM
FRIDAY 15 NOV - 4AM - 10PM | FIREWORKS 10PM
AMRIT SANCHAR
SATURDAY 16 NOV - 11AM | KAKKAR WILL BE PROVIDED
DHADI DARBAR
SATURDAY 16 NOV - 6:30-9PM
ALL DAY DIVAN
SUNDAY 17 NOV
GURU NANAK GURDWARA SMETHWICK 130 HIGH STREET | SMETHWICK | B66 3AP
FOR MORE INFO OR TO GET INVOLVED IN SEVA CALL:
BHAI HARVINDER SINGH (STAGE SECRETARY) 07872 327 419
GNG OFFICE 0121 558 2527
TS DESIGNS

ੴ ਸਤਿਗੁਰ ਪ੍ਰਸਾਦਿ ॥

ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥



ਆਪ ਸਭ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕਰ ਰਹੇ ਹਾਂ ਕਿ

# ਸਵ. ਸਰਦਾਰ ਕੁਲਵੰਤ ਸਿੰਘ ਰਾਜੋਆਣਾ

(ਵੱਡੇ ਭਾਈ ਜ਼ਿੰਦਾ ਸ਼ਹੀਦ ਸ. ਬਲਵੰਤ ਸਿੰਘ ਰਾਜੋਆਣਾ)

**04 ਨਵੰਬਰ 2024 ਨੂੰ ਅਕਾਲ ਚਲਾਣਾ ਕਰ ਗਏ ਸਨ।**

ਜਿਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਖਵਾਏ

**ਸ੍ਰੀ ਸਹਿਜ ਪਾਠ ਦੇ ਭੋਗ ਗੁਰਬਾਣੀ ਕੀਰਤਨ ਅਤੇ ਅੰਤਿਮ ਅਰਦਾਸ**
**20 ਨਵੰਬਰ 2024 (ਬੁੱਧਵਾਰ), ਸਮਾਂ: 11:00 ਤੋਂ 01:00 ਵਜੇ**

ਗੁਰਦੁਆਰਾ ਮੰਜੀ ਸਾਹਿਬ, ਰਾਜੋਆਣਾ ਕਲਾਂ (ਲੁਧਿਆਣਾ) ਵਿਖੇ ਹੋਵੇਗੀ।

ਜ਼ਿੰਦਾ ਸ਼ਹੀਦ ਸ. ਬਲਵੰਤ ਸਿੰਘ ਰਾਜੋਆਣਾ ਅਤੇ ਸਮੂਹ ਰਾਜੋਆਣਾ ਪਰਿਵਾਰ ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਸ਼ਾਮਿਲ ਹੋਣ ਲਈ ਆਪ ਸਭ ਸੰਗਤ ਨੂੰ ਬੇਨਤੀ ਕਰਦਾ ਹੈ।

ਸਮੂਹ ਰਾਜੋਆਣਾ ਪਰਿਵਾਰ

95017-52007, 94637-46147

**ਜਾਰੀ ਕਰਤਾ:- ਭਾਈ ਪ੍ਰਗਟ ਸਿੰਘ ਜਰਮਨੀ, ਬਾਬਾ ਬਖਸੀਸ ਸਿੰਘ ਨਿਜ਼ਾਮਨੀਵਾਲਾ, ਭਾਈ ਸੁਰਿੰਦਰ ਸਿੰਘ ਠੀਕਰੀਵਾਲਾ, ਭਾਈ ਗੁਰਜੰਟ ਸਿੰਘ ਨਾਗੋਕੇ, ਭਾਈ ਕੁਲਦੀਪ ਸਿੰਘ ਨਾਗੋਕੇ**

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਿਹ ॥

# ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

## Gurdwara Sahib Shaeed Baba Deep Singh ji Casalmorano Cremona (Italy)




ਸ਼੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਸੰਨਚੀਨੋ ਨਗਰ ਦੀਆਂ ਸਿੱਖ ਸੰਗਤਾਂ ਵੱਲੋਂ ਸੇਵਾ ਲਈ ਗਈ ਹੈ।

# ਮਹਾਨ ਸ਼ਹੀਦੀ ਦਿਹਾੜਾ

**ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜ਼ਰ ਕੌਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ**

**ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ 27 ਦਸੰਬਰ ਸ਼ੁੱਕਰਵਾਰ 10 : 30 ਵਜੇ ਹੋਵੇਗਾ, ਐਤਵਾਰ 10:30 ਭੋਗ ਪੈਣਗੇ**

• ਸ਼ਨਿੱਚਰਵਾਰ 28 ਦਸੰਬਰ ਸ਼ਾਮ 5 ਤੋਂ 8 ਵਜ਼ੇ ਤੱਕ ਦੀਵਾਨ ਸਜਣਗੇ • ਐਤਵਾਰ 29 ਦਸੰਬਰ 2024 ਨੂੰ 6:30 ਵਜੇ ਸਵੇਰੇ ਚੋਪਹਿਰੇ ਦੇ ਪਾਠਾਂ ਦੀ ਆਰੰਭਤਾ ਹੋਵੇਗੀ ਸਮੇਤ ਸੁਖਮਨੀ ਸਾਹਿਬ ਦੇ 9: 30 ਵਜੇ ਭੋਗ ਪੈਣਗੇ ਉਪਰੰਤ 12:30 ਵਜੇ ਤੱਕ ਦੀਵਾਨ ਸਜਣਗੇ।

ਕਥਾ ਕੀਰਤਨੀ ਅਤੇ ਢਾਡੀ ਜਥਾ ਵੀ ਵਾਰਾਂ ਰਾਹੀਂ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਗਤਾਂ ਨੂੰ ਜੋੜਨਾ ਕਰਨਗੇ।

ਪ੍ਰਬੰਧਕ ਸੇਵਾਦਾਰਾਂ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਿੰਘਾਂ ਅਤੇ ਇਲਾਕਾ ਨਿਵਾਸੀ ਸਮੂੰਹ ਸਾਧ ਸੰਗਤਾਂ ਵੱਲੋਂ ਸੇਵਾ ਨਿਭਾਈ ਜਾਂਦੀ ਹੈ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

ਜ਼ਰੂਰੀ ਬੇਨਤੀ : ਗੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

**★ ਗੁਰੂ ਪੰਥ ਦੇ ਦਾਸਰੇ ★**

**ਸਾਧ ਸੰਗਤ, ਪ੍ਰਬੰਧਕ ਕਮੇਟੀ**
**ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ**
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778
ਭਾਈ ਬਲਰਾਮ ਸਿੰਘ +393885751594
ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

☛ ਸ਼ੇਅਰ ਜ਼ਰੂਰੀ ਕਰਨਾ ਜੀ ☛ ਸਿੱਖ ਸੰਗਤਾਂ ਦੇ ਚਰਨਾਂ ਵਿੱਚ ਬੇਨਤੀ ਹੈ । ☛ ਆਪਣਾ ਕੀਮਤੀ ਸਮਾਂ ਕੱਢਕੇ ਇੰਨਾਂ ਸਮਾਗਮਾ ਵਿਚ ਪੁਹੁੰਚਣ ਦੀ ਕ੍ਰਿਪਾਲਤਾ ਕਰੋ ਜੀ।

**Gurdwara Sahib Shaeed Baba Deep Singh ji Damdami Taksaal**
Via Giacomo Matteotti 3Cap
26020Casalmorano Cremona (IT)
E-mail : gur.damdamitaksaalitaly@gmail.com
Call+393475711755 / 3208124778




# ਪਰਾਲੀ ਅਤੇ ਦਿਵਾਲੀ ਪਟਾਕੇ ਪ੍ਰਦੂਸ਼ਣ ਦਾ ਰੌਲਾ ਜ਼ਿਆਦਾ ਕਿਉਂ: ਡਾ.ਦਲੇਰ ਸਿੰਘ ਮੁਲਤਾਨੀ



ਦੋਸਤੋ ਹਰ ਸਾਲ ਪ੍ਰਦੂਸ਼ਣ ਦਾ ਰੌਲਾ ਅਕਤੂਬਰ ਨਵੰਬਰ ਵਿਚ ਜ਼ਿਆਦਾ ਪੈਂਦਾ ਜਦੋਂ ਕਿ ਪ੍ਰਦੂਸ਼ਣ ਹਰ ਮਿੰਟ ਮਿੰਟ ਤੇ ਵੱਧਦਾ ਘੱਟਦਾ ਰਹਿੰਦਾ ਤੇ ਸਾਰਾ ਸਾਲ ਹਰ ਥਾਂ ਤੇ ਹੋ ਰਿਹਾ , ਪ੍ਰਦੂਸਣ ਭਾਵੇਂ ਧਰਤੀ ਦਾ ਹੋਵੇ , ਭਾਵੇਂ ਪਾਣੀ ਦਾ ਹੋਵੇ ਤੇ ਭਾਵੇਂ ਹਵਾ ਦਾ ਹੋਵੇ ਪਰ ਬਹੁਤਾ ਸਮਾਂ ਕਿਸਾਨਾਂ ਜਾਂ ਪਰਾਲੀ / ਪਟਾਕਿਆਂ ਨੂੰ ਜੁਮੇਵਾਰ ਬਣਾਇਆ/ਸੁਣਾਇਆਂ ਜਾਂਦਾ। ਕੁਝ ਹੱਦ ਤੱਕ ਠੀਕ ਵੀ ਹੈ ਕਿਉਂਕਿ ਹੋਰ ਵੀ ਬਹੁਤ ਕਾਰਨ ਹਨ ਪਰ ਪਰਾਲੀ ਦਾ ਪ੍ਰਦੂਸ਼ਣ ਥੋੜੇ ਸਮੇਂ ਲਈ ਹੁੰਦਾ ਜੋ ਪਹਿਲੇ ਵਾਲੇ ਪ੍ਰਦੂਸ਼ਣ ਨੂੰ ਬਹੁਤ ਜ਼ਿਆਦਾ ਵਧਾ ਦਿੰਦਾ ਇਸ ਕਰਕੇ ਇਸ ਦਾ ਰੌਲਾ ਵੀ ਜ਼ਿਆਦਾ ਅਤੇ ਸਰੀਰ ਦਾ ਨੁਕਸਾਨ ਵੀ ਜ਼ਿਆਦਾ ਹੁੰਦਾ। ਇਸੇ ਤਰਾਂ ਹੀ ਦਿਵਾਲੀ ਤੇ ਵੀ ਦੋ ਚਾਰ ਦਿਨ ਪਟਾਕਿਆਂ ਦਾ ਪ੍ਰਦੂਸ਼ਣ ਬਹੁਤ ਜ਼ਿਆਦਾ ਹੋ ਜਾਂਦਾ ਤੇ ਨੁਕਸਾਨ ਵੀ ਬਹੁਤ ਜ਼ਿਆਦਾ ਕਰ ਜਾਂਦਾ। ਇਸ ਸਾਲ ਤਾਂ ਚੰਡੀਗੜ੍ਹ ਮੁਹਾਲੀ ਵਿੱਚ ਪ੍ਰਦੂਸ਼ਣ ਦਾ ਨਵਾਂ ਕਾਰਨ ਸ਼ੰਭੂ ਅੰਬਾਲਾ ਹਾਈਵੇ ਬੰਦ ਕਰਨ ਕਰਕੇ ਸਾਰੀ ਟਰੈੱਫਿਕ ਚੰਡੀਗੜ੍ਹ ਮੁਹਾਲੀ ਫਿਰੀ ਜਾਂਦੀ ਤੇ ਹਜ਼ਾਰਾਂ ਲਿਟਰ ਪੈਟਰੋਲ / ਡੀਜ਼ਲ ਵਾਧੂ ਸਾੜ ਰਹੀ ।ਕਾਰਨ ਤਾਂ ਫਿਰ ਵੀ ਕਿਸਾਨਾਂ ਵੱਲੋਂ ਸੜਕਾਂ ਬੰਦ ਹੀ ਹਨ । ਟਰੈਫਿਕ , ਕੰਨਸਟਰੈਕਸ਼ਨ , ਫ਼ੈਕਟਰੀਆਂ ਦੇ ਪ੍ਰਦੂਸ਼ਣ ਸਾਰਾ ਸਾਲ ਰਹਿੰਦੇ ਤੇ ਲਗਾਤਰ ਨੁਕਸਾਨ ਕਰ ਰਹੇ ਤੇ ਸਾਲ ਦੇ ਦੱਸ ਮਹੀਨੇ ਇਹ ਹੀ ਵੱਡਾ ਕਾਰਨ ਬਣਦੇ ਸੜਕਾਂ ਕਿਨਾਰੇ ਲੱਗੀਆਂ ਘੁਲਾੜੀਆਂ ਅਗਲੇ ਤਿੰਨ ਚਾਰ ਮਹੀਨੇ ਵੀ ਧੂੰਆਂ ਪ੍ਰਦੂਸ਼ਣ ਕਰਨਗੀਆਂ, ਜਿਹਨਾਂ ਨੂੰ ਮੇਰੇ ਵੱਲੋਂ 2018-19 ਵਿਚ ਬਾਰ ਬਾਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਜ਼ੋਰ ਪਾਉਣ ਤੇ ਕੁਝ ਰੂਲ ਬਣਾਏ ਵੀ ਸਨ ਤੇ ਕੁਝ ਘੁਲਾੜੀਆਂ ਸੜਕਾਂ ਕਿਨਾਰਿਆਂ ਤੋਂ ਚੁਕਾਈਆਂ ਵੀ ਗਈਆਂ ਸਨ ਪਰ ਪੰਜਾਬ ਸਟੇਟ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਅਧਿਕਾਰੀਆਂ / ਕਰਮਚਾਰੀਆਂ ਦੀ ਢਿੱਲ ਕਰਕੇ ਸੜਕਾਂ ਕਿਨਾਰੇ ਘੁਲਾੜੀਆਂ ਉਸੇ ਤਰਾਂ ਲੱਗ ਰਹੀਆਂ ।ਪੰਜਾਬ ਸਰਕਾਰ ਨੂੰ ਕੂੜੇ ਡਿਸਪੋਜਲ ਦਾ ਐਨ ਜੀ ਟੀ ਵੱਲੋਂ ਜੁਰਮਾਨਾ ਲੱਗਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਚੁੱਪ ਬੈਠੀ । ਕਈ ਵਾਰ ਸੋਚਣ ਤੇ ਮਜਬੂਰ ਹੋਣਾ ਪੈਂਦਾ ਕਿ ਪਰਾਲੀ ਅਤੇ ਦਿਵਾਲੀ ਪ੍ਰਦੂਸ਼ਣ ਦਾ ਰੌਲਾ ਜ਼ਿਆਦਾ ਕਿਉਂ ? ਪਰ ਪਹਿਲਾਂ ਇਹ , ਪਹਿਲਾਂ ਉਹ ਵਾਲੀ ਨੀਤੀ ਨਹੀਂ ਅਪਣਾਉਣੀ ਚਾਹੀਦੀ । ਅੰਕੜਿਆਂ ਦਾ ਖੇਲ ਸਰਕਾਰਾਂ ਮੂਰਖ ਬਣਾਉਣ ਲਈ ਹਰ ਥਾਂ ਖੇਲਦੀਆਂ । ਪ੍ਰਤੀਸ਼ਤ ਜਾਂ ਕੁਲ ਨੰਬਰ ਜਿਹੜਾ ਜਿਹੜੀ ਸਥਿਤੀ ਵਿਚ ਫਿੱਟ ਬੈਠੇ ਉਹ ਅੰਕੜੇ ਮੀਡੀਆ ਵਿੱਚ ਦੱਸ ਦਿੱਤੇ ਜਾਂਦੇ ।ਪਰ ਅੰਕੜਿਆਂ ਦਾ ਖੇਲ ਸਿਰਫ ਸਰਕਾਰਾਂ ਹੀ ਨਹੀਂ ਸਗੋਂ ਵਿਰੋਧੀ ਧਿਰਾਂ , ਵਿਸ਼ਾ ਮਾਹਰ ਅਤੇ ਜਥੇਬੰਦੀਆਂ ਵੀ ਵਰਤਦੀਆਂ ।ਇਕ ਗੱਲ ਹੋਰ ਯਾਦ ਰੱਖੋ ਸਰੀਰ ਦਾ ਨੁਕਸਾਨ ਉਦੋਂ ਜ਼ਿਆਦਾ ਹੁੰਦਾ ਜਦੋਂ ਨੁਕਸਾਨ ਕਰਨ ਵਾਲੇ ਤੱਤਾਂ ਦੀ ਮਾਤਰਾ ਇਕ ਹੱਦ ਤੋ ਵੱਧ ਜਾਂਦੀ ਜਿਵੇਂ ਨਸ਼ੇ ਵਾਲੀਆਂ ਦਵਾਈਆਂ ਬਿਮਾਰੀ ਠੀਕ ਕਰਨ ਲਈ ਵੀ ਵਰਤੀਆਂ ਜਾਂਦੀਆਂ ਤੇ ਜੇ ਮਾਤਰਾ ਜ਼ਿਆਦਾ ਲੈ ਲਵੋ ਤਾਂ ਨਸ਼ਾ ਬਣ ਜਾਂਦੀਆਂ ( ਸਿਨਥੈਟਿਕ ਨਸ਼ਾ/ ਮੈਡੀਕਲ ਨਸ਼ਾ ) ਇਸੇ ਤਰਾਂ ਤਾਕਤ ਲਈ ਵਰਤੇ ਵਿਟਾਮਿਨ / ਪ੍ਰੋਟੀਨ ਵੀ ਲੋੜ ਤੋ ਜ਼ਿਆਦਾ ਲਏ ਜਾਣ ਤਾਂ ਨੁਕਸਾਨ ਵੀ ਕਰਦੇ। ਸਰੀਰ ਵਿੱਚ ਕੋਈ ਇਨਫੈਕਸ਼ਨ ਵੀ ਇੱਕ ਹੱਦ ਪਾਰ ਕਰਦੀ ਤਾਂ ਹੀ ਨੁਕਸਾਨ ਕਰਦੀ ।ਇਸੇ ਤਰਾਂ ਜਦੋਂ ਪ੍ਰਦੂਸ਼ਣ ਬਹੁਤ ਵੱਧ ਜਾਂਦਾ ਤਾਂ ਲੋਕਾਂ ਨੂੰ ਸਾਹ ਚਮੜੀ ਆਦਿ ਦੀਆਂ ਬਿਮਾਰੀਆਂ ਵੱਧਦੀਆ ਤਾਂ ਹੀ ਸ਼ੋਰ ਜ਼ਿਆਦਾ ਪੈਂਦਾ । ਅਕਤੂਬਰ ਨਵੰਬਰ ਵਿੱਚ ਪ੍ਰਦੂਸਣ ਦੇ ਅੰਕੜੇ ਸਿਹਤ ਲਈ ਬਹੁਤ ਹੀ ਖਤਰਨਾਕ ਹਨ ਜਿਸ ਦਾ ਵੱਡਾ ਕਾਰਨ ਪਰਾਲੀ ਸਾੜਣਾ ਅਤੇ ਪਟਾਕੇ ਆਦਿ ਬਣਦੇ ਭਾਵੇਂ ਹੋਰ ਪ੍ਰਦੂਸਣ ਕਰਨ ਵਾਲੇ ਕਾਰਨ ਵੀ ਹੁੰਦੇ ਦੋਸਤੋ ਪ੍ਰਦੂਸ਼ਣ ਕੋਈ ਵੀ ਹੋਵੇ ਸਰੀਰ ਨੂੰ ਜ਼ਿਆਦਾ ਨੁਕਸਾਨ ਉਦੋਂ ਕਰਦਾ ਜਦੋਂ ਉਸ ਦੀ ਮਾਤਰਾ ਇੱਕ ਹੱਦ ਤੋਂ ਜ਼ਿਆਦਾ ਵੱਧ ਜਾਂਦੀ।ਇਸ ਕਰਕੇ ਪ੍ਰਦੂਸ਼ਣ ਵਧਾਉਣ ਵਾਲੀ ਹਰ ਚੀਜ਼ ਤੇ ਸਰਕਾਰ ਅਤੇ ਲੋਕਾਂ ਨੂੰ ਧਿਆਨ ਦੇਣਾ ਚਾਹੀਦਾ।ਪਹਿਲਾਂ ਇਹ ,ਪਹਿਲਾਂ ਉਹ ਵਾਲੀ ਨੀਤੀ ਕੋਈ ਹੱਲ ਨਹੀਂ ਬਲਕਿ ਇਹ ਸਾਡੇ ਸਾਰਿਆਂ ਦੀ ਜ਼ੁੰਮੇਵਾਰੀ ਹੈ ਕਿ ਪ੍ਰਦੂਸ਼ਣ ਛੋਟਾ ਜਾਂ ਵੱਡਾ ਉਸ ਤੇ ਕੰਟਰੋਲ ਕੀਤਾ ਜਾਵੇ ।ਸੋਸ਼ਲ ਮੀਡੀਆ ਮਾਹਰਾਂ ਨੇ ਕਈ ਤਰਾਂ ਦੀਆਂ ਵੀਡੀਓ ਬਣਾ ਕੇ ਕਿਸਾਨਾਂ ਨੂੰ ਸਿਖਿਅਤ ਕਰਨ ਦੀ ਬਜਾਏ ਅੱਗਾਂ ਲਾਉਣ ਲਈ ਉਕਸਾਉਣ ਦਾ ਕੰਮ ਕੀਤਾ ਜਾਂ ਫਿਰ ਪਰਾਲੀ ਅੱਗ ਨੂੰ ਅਣਗਓਲਿਆਂ ਕਰਨ ਦੀ ਵੀਡੀਓ ਪਾ ਕਿ ਕਿਸਾਨਾਂ ਨੂੰ ਹੋਰ ਲਾਪਰਵਾਹ ਬਣਾਇਆ ਸਰਕਾਰ ਨੂੰ ਪ੍ਰਦੂਸ਼ਣ ਘਟਾਉਣ ਦੀ ਪੱਕੀ ਅਤੇ ਸੱਚੀ ਯੋਜਨਾ ਬਣਾਉਣੀ ਚਾਹੀਦੀ ਅਤੇ ਸਾਰਾ ਸਾਲ ਉਸ ਤੇ ਸਖ਼ਤ ਪਹਿਰਾ ਦੇਣਾ ਚਾਹੀਦਾ , ਸਿਰਫ ਤਿਉਹਾਰਾਂ ਅਤੇ ਕਿਸਾਨਾਂ ਪਿੱਛੇ ਪੈ ਕੇ ਕੁਝ ਨਹੀਂ ਬਣਨਾ।



**ਡਾ ਦਲੇਰ ਸਿੰਘ ਮੁਲਤਾਨੀ ਸਿਵਲ ਸਰਜਨ ( ਰਿਟਾ**

ਆਵਾਜ਼ਿ ਕੌਮ
AWAZE QAUM
International Newspaper & WEB TV




### ਪੰਜਾਬ ਪੁਲਿਸ ਵੱਲੋਂ ਨਾਰਕੋ-ਆਰਮਜ਼ ਤਸਕਰੀ ਦਾ ਪਰਦਾਫਾਸ਼; ਦੋ ਕਾਬੂ

# ਪੁਲਿਸ ਟੀਮਾਂ ਨੇ ਉਨ੍ਹਾਂ ਦੇ ਕਬਜ਼ੇ 'ਚੋਂ 3.5 ਕਿਲੋਗ੍ਰਾਮ ਹੈਰੋਇਨ, 1.5 ਕਿਲੋਗ੍ਰਾਮ ਮੈਥਾਕੁਆਲੋਨ ਅਤੇ ਦੋ ਪਿਸਤੌਲਾਂ ਸਮੇਤ ਗਲਾਕ ਬਰਾਮਦ ਕੀਤਾ: ਡੀਜੀਪੀ ਗੌਰਵ ਯਾਦਵ

ਚੌਕ ਮਹਿਤਾ, 17 ਨਵੰਬਰ: (ਬਾਬਾ ਸੁਖਵੰਤ ਸਿੰਘ ਚੰਨਣਕੇ)- ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਥਿਆਰਾਂ ਦੇ ਕਾਰਟੇਲ ਦਾ ਪਰਦਾਫਾਸ਼ ਕਰਦਿਆਂ ਇੱਕ ਵੱਡੀ ਸਫਲਤਾ ਪ੍ਰਾਪਤ ਕੀਤੀ ਹੈ, ਜਿਸ ਤਹਿਤ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਦੇ ਕਬਜ਼ੇ ਵਿੱਚੋਂ 3.5 ਕਿਲੋਗ੍ਰਾਮ ਹੈਰੋਇਨ, 1.5 ਕਿਲੋਗ੍ਰਾਮ ਮੈਥਾਕਲੋਨ ਅਤੇ ਦੋ ਪਿਸਤੌਲਾਂ ਸਮੇਤ ਇੱਕ ਆਧੁਨਿਕ 9 ਐਮਐਮ ਗਲਾਕ ਬਰਾਮਦ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਫੜੇ ਗਏ ਵਿਅਕਤੀਆਂ ਦੀ ਪਛਾਣ ਵੰਸ਼ ਉਰਫ ਬਿੱਲਾ (23) ਵਾਸੀ ਬਿੱਲੇ ਵਾਲਾ ਚੌਕ ਅੰਮ੍ਰਿਤਸਰ ਅਤੇ ਸੋਨੂੰ ਚੌਰਸੀਆ (20) ਵਾਸੀ ਦਸਮੇਸ਼ ਨਗਰ ਅੰਮ੍ਰਿਤਸਰ ਵਜੋਂ ਹੋਈ ਹੈ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਸਬੰਧੀ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਮੁਲਜ਼ਮ ਵੰਸ਼ ਉਰਫ਼ ਬਿੱਲਾ ਦੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਮੂਲੀਅਤ ਬਾਰੇ ਭਰੋਸੇਮੰਦ ਸੂਚਨਾਵਾਂ ਦੇ ਆਧਾਰ 'ਤੇ ਸੀ.ਆਈ.ਏ. ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਜਾਲ ਵਿਛਾ ਕੇ ਉਸ ਨੂੰ ਮੋਹਕਮਪੁਰਾ ਇਲਾਕੇ 'ਚੋਂ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੇ ਕਬਜ਼ੇ 'ਚੋਂ 3.5 ਕਿਲੋ ਹੈਰੋਇਨ, 1.5 ਕਿਲੋ ਮੈਥਾਕੁਆਲੋਨ ਪਾਊਡਰ ਅਤੇ ਆਸਟ੍ਰੀਆ ਨਿਰਮਿਤ ਇਕ 9 ਐਮਐਮ ਗਲਾਕ ਪਿਸਤੌਲ ਬਰਾਮਦ ਕੀਤਾ ਹੈ। ਉਨ੍ਹਾਂ ਦੱਸਿਆ ਕਿ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਸਬੰਧੀ ਮਿਲੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇਕ ਹੋਰ ਕਾਰਵਾਈ ਦੌਰਾਨ ਪੁਲਿਸ ਟੀਮਾਂ ਨੇ ਮੋਹਕਮਪੁਰਾ ਦੇ ਇਲਾਕੇ ਵਿੱਚ ਬਟਾਲਾ ਰੋਡ 'ਤੇ ਸਨਸਿਟੀ ਮੋੜ ਤੋਂ ਦੋਸ਼ੀ ਸੋਨੂੰ ਚੌਰਸੀਆ ਨੂੰ ਕਾਬੂ ਕਰਕੇ ਉਸ ਦੇ ਕਬਜ਼ੇ 'ਚੋਂ 32 ਬੋਰ ਦਾ ਪਿਸਤੌਲ ਬਰਾਮਦ ਕੀਤਾ। ਉਨ੍ਹਾਂ ਕਿਹਾ ਕਿ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫਤਾਰੀਆਂ ਅਤੇ ਬਰਾਮਦਗੀ ਦੀ ਉਮੀਦ ਹੈ। ਇਸ ਸਬੰਧੀ ਦੋ ਵੱਖ-ਵੱਖ ਮੁਕੱਦਮੇ ਥਾਣਾ




ਮੋਹਕਮਪੁਰਾ ਵਿਖੇ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿੱਚ ਪਹਿਲੀ ਐਫ.ਆਈ.ਆਰ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21-ਸੀ ਤੇ 29 ਅਤੇ ਅਸਲਾ ਐਕਟ ਦੀ ਧਾਰਾ 25(8) ਤਹਿਤ ਦਰਜ ਕੀਤੀ ਗਈ ਅਤੇ ਦੂਜੀ ਐਫ.ਆਈ.ਆਰ. ਅਸਲਾ ਐਕਟ ਦੀ ਧਾਰਾ 25 ਅਧੀਨ ਦਰਜ ਕੀਤੀ ਗਈ ਹੈ।




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243




## ਇੱਕ ਨਜ਼ਰ...



## ਅਧਿਕਾਰੀ ਦੀਆਂ ਮਨਮਾਨੀਆਂ ਤੋਂ ਪ੍ਰੇਸ਼ਾਨ ਮੁਲਾਜ਼ਮ ਅੱਜ ਕਰਨਗੇ ਮੁਜ਼ਾਹਰਾ: ਅਸ਼ਵਨੀ ਕੁਮਾਰ

ਫ਼ਿਰੋਜ਼ਪੁਰ, 17 ਨਵੰਬਰ (ਮਨੋਹਰ ਲਾਲ) : ਮੁਲਾਜ਼ਮ ਸਾਥੀਆਂ ਨੂੰ ਬੇਵਜ੍ਹਾ ਤੋਂ ਤੰਗ—ਪ੍ਰੇਸ਼ਾਨ ਕਰਨ ਦੇ ਮੁੱਦੇ ਤੇ ਅੱਜ ਪੀ.ਐਸ.ਈ.ਬੀ ਇੰਪਲਾਈਜ਼ ਫੈਡਰੇਸ਼ਨ ਸਰਕਲ ਫ਼ਿਰੋਜ਼ਪੁਰ ਦੀ ਮੀਟਿੰਗ ਸਰਕਲ ਦਫਤਰ ਵਿਖੇ ਅਸ਼ਵਨੀ ਕੁਮਾਰ ਸਰਕਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿਚ ਸੁਖਚੈਨ ਸਿੰਘ ਸਰਕਲ ਸਕੱਤਰ, ਸਤੀਸ਼ ਕੁਮਾਰ ਮੀਤ ਪ੍ਰਧਾਨ ਪੰਜਾਬ, ਸਵਰਨ ਸਿੰਘ ਸਰਕਲ ਦੇ ਅਹੁਦੇਦਾਰ, ਪ੍ਰਗਟ ਸਿੰਘ ਮੱਲਾਂਵਾਲਾ, ਜਗਦੇਵ ਸਿੰਘ ਤਲਵੰਡੀ ਭਾਈ, ਪਿੱਪਲ ਸਿੰਘ, ਬਲਬੀਰ ਸਿੰਘ, ਨੰਦ ਲਾਲ ਅਤੇ ਹੋਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸਰਕਲ ਪ੍ਰਧਾਨ ਅਸ਼ਵਨੀ ਕੁਮਾਰ ਨੇ ਦੱਸਿਆ ਕਿ ਇੰਜੀਨੀਅਰ ਨਵਨੀਤ ਕੁਮਾਰ ਐਕਸੀਅਨ ਟੈਕ ਵੰਡ ਹਲਕਾ ਫ਼ਿਰੋਜ਼ਪੁਰ ਆਪਣੀਆਂ ਮਨਮਾਨੀਆਂ ਕਰਦੇ ਹੋਏ ਲੰਮੇ ਸਮੇਂ ਤੋਂ ਮੁਲਾਜ਼ਮਾਂ ਨੂੰ ਬੇਵਜ੍ਹਾ ਤੋਂ ਖੱਜਲ ਖੁਆਰ ਤੇ ਪ੍ਰੇਸ਼ਾਨ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਪਹਿਲਾਂ ਵੀ ਸੀਨੀਅਰ ਅਧਿਕਾਰੀਆਂ ਨੂੰ ਲਿਖਤੀ ਬੇਨਤੀ ਕਰਨ ਦੇ ਨਾਲ—ਨਾਲ ਪ੍ਰੈਸ ਨੂੰ ਜਾਣੂ ਕਰਵਾ ਚੁੱਕੇ ਹਾਂ ਅਤੇ ਇਸ ਤੋਂ ਇਲਾਵਾ ਇਸ ਐਕਸੀਅਨ ਦੇ ਮੁਲਾਜ਼ਮਾਂ ਪ੍ਰਤੀ ਮਾੜੇ ਵਤੀਰੇ ਸਬੰਧੀ ਫੈਡਰੇਸ਼ਨ ਦੇ ਪੰਜਾਬ ਪ੍ਰਧਾਨ/ਸਕੱਤਰ ਅਤੇ ਹੋਰ ਆਗੂ ਸਾਥੀਆਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਇੰਜ. ਨਵਨੀਤ ਕੁਮਾਰ ਐਕਸੀਅਨ ਦੇ ਖਿਲਾਫ ਜਥੇਬੰਦੀ ਵੱਲੋਂ ਪਹਿਲਾਂ ਵੀ ਧਰਨਾ ਦਿੱਤਾ ਗਿਆ ਸੀ ਅਤੇ ਹੁਣ 21 ਨਵੰਬਰ ਨੂੰ ਵੱਡੀ ਪੱਧਰ ਤੇ ਸਰਕਲ ਦਫਤਰ ਸਾਹਮਣੇ ਧਰਨਾ ਦਿੱਤਾ ਜਾਵੇਗਾ ਅਤੇ ਜੇਕਰ ਇਸ ਐਕਸੀਅਨ ਦੀਆਂ ਇਹੋ ਮਾੜੀਆਂ ਹਰਕਤਾਂ ਰਹੀਆਂ ਤਾਂ ਜਥੇਬੰਦੀ ਵੱਲੋਂ ਮਜ਼ਬੂਰ ਹੋ ਕੇ ਵੱਡੇ ਪੱਧਰ ਤੇ ਇਸ ਦੇ ਖਿਲਾਫ ਸੰਘਰਸ਼ ਵਿੱਢਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਰੇ ਮੁਲਾਜ਼ਮ ਆਪਸੀ ਭਾਈਚਾਰਕ ਸਾਂਝ ਬਿਨ੍ਹਾਂ ਕਿਸੇ ਭੇਦ—ਭਾਵ ਮਹਿਕਮੇ ਦਾ ਕੰਮ ਕਰ ਰਹੇ ਹਨ, ਪ੍ਰੰਤੂ ਇੰਜ. ਨਵਨੀਤ ਕੁਮਾਰ ਵੱਲੋਂ ਜਾਤ ਪਾਤ ਦੇ ਆਧਾਰ ਤੇ ਮੁਲਾਜ਼ਮਾਂ ਵਿਚ ਪਾੜਾ ਪਾਇਆ ਜਾ ਰਿਹਾ ਹੈ।


## ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਨੇ ਮੇਹਰ ਸਿੰਘ ਨੂੰ ਚੁਣਿਆ ਪ੍ਰਚਾਰ ਸਕੱਤਰ

ਫ਼ਿਰੋਜ਼ਪੁਰ, 17 ਨਵੰਬਰ (ਮਨੋਹਰ ਲਾਲ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀਆਂ ਨੀਤੀਆਂ ਘਰ—ਘਰ ਪਹੁੰਚਾਉਣ ਦੇ ਮਨੋਰਥ ਨਾਲ ਜਿਥੇ ਪਾਰਟੀ ਵਿਚ ਨਵੇਂ ਮੈਂਬਰ ਦੀ ਸ਼ਮੂਲੀਅਤ ਕਰਵਾਈ ਜਾ ਰਹੀ ਹੈ, ਉਥੇ ਪ੍ਰਚਾਰ ਪ੍ਰਸਾਰ ਨੂੰ ਵਧਾਉਣ ਦੇ ਮਨੋਰਥ ਨਾਲ ਮੇਹਰ ਸਿੰਘ ਨੂੰ ਯੂਥ ਵਿੰਗ ਦਾ ਪ੍ਰਚਾਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਥ ਵਿੰਗ ਪੰਜਾਬ ਦੇ ਪ੍ਰਧਾਨ ਤੇਜਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਨਵੀਆਂ ਨਿਯੁਕਤੀਆਂ ਕਰਦਿਆਂ ਮੇਹਰ ਸਿੰਘ ਨੂੰ ਪ੍ਰਚਾਰ ਸਕੱਤਰ ਯੂਥ ਵਿੰਗ ਪੰਜਾਬ ਨਿਯੁਕਤ ਕੀਤਾ ਗਿਆ ਹੈ, ਜਦੋਂ ਕਿ ਆਉਂਦੇ ਦਿਨਾਂ ਵਿਚ ਹੋਰ ਵੀ ਅਹੁਦੇਦਾਰ ਨਿਯੁਕਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਮੇਹਰ ਸਿੰਘ ਦੀਆਂ ਪਿਛਲੀਆਂ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਪਾਰਟੀ ਆਸ ਕਰਦੀ ਹੈ ਕਿ ਉਕਤ ਨੌਜਵਾਨ ਇਸੇ ਤਰ੍ਹਾਂ ਪਾਰਟੀ ਦੀਆਂ ਨੀਤੀਆਂ ਨੂੰ ਘਰ—ਘਰ ਪਹੁੰਚਾਉਣ ਦਾ ਯਤਨ ਕਰਦੇ ਰਹਿਣਗੇ।

## ਸੂਬੇ ਦੀ ਨੀਤੀ 'ਚ ਪ੍ਰਵਾਸੀ ਮਜ਼ਦੂਰਾਂ ਨੂੰ ਲੈਕੇ ਕੀਤੀ ਜਾਣ ਵਾਲੀ ਸੋਧ ਦਾ ਘੱਟ ਗਿਣਤੀ ਲੋਕ ਭਲਾਈ ਸੰਸਥਾ ਨੇ ਕੀਤਾ ਸਮਰਥਨ

### ਪ੍ਰਵਾਸੀਆਂ ਦੇ ਸਿਆਸੀ ਲਾਭ ਖਾਤਰ ਬਣਾਏ ਗਏ ਆਧਾਰ ਕਾਰਡ ਤੇ ਵੋਟਰ ਕਾਰਡ ਕੀਤੇ ਜਾਣ ਰੱਦ :ਗਿੱਲ

ਚੌਕ ਮਹਿਤਾ,17,ਨਵੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ )-ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਫਾਂਊਂਡਰ ਸ੍ ਸਤਨਾਮ ਸਿੰਘ ਗਿੱਲ ਨੇ ਮੁੱਖ ਮੰਤਰੀ ਪੰਜਾਬ ਨੂੰ ਲਿਖੇ ਪੱਤਰ ਚ ਮੰਗ ਕੀਤੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੇ ਸਿਆਸੀ ਹਿੱਤਾਂ ਦੀ ਪੂਰਤੀ ਖਾਤਰ ਬਣਾਏ ਗਏ ਆਧਾਰ ਕਾਰਡ ਅਤੇ ਵੋਟਰ ਸ਼ਨਾਖਤੀ ਕਾਰਡ ਰੱਦ ਕੀਤੇ ਜਾਣ ਸਾਡੇ ਅਦਾਰੇ ਵਿਖੇ ਰੱਖੀ ਨਿੱਜੀ ਫੇਰੀ ਦੌਰਾਨ ਪ੍ਰਧਾਨ ਸ੍ ਸਤਨਾਮ ਸਿੰਘ ਗਿੱਲ ਨੇ ਪੰਜਾਬ ਸਰਕਾਰ ਨੂੰ ਲਿਖੇ ਪੱਤਰ ਦੇ ਹਵਾਲੇ ਨਾਲ ਦੱਸਿਆ ਕਿ ਪੰਜਾਬ ਚ ਜਿਸ ਤਰ੍ਹਾਂ ਪ੍ਰਵਾਸੀ ਮਜ਼ਦੂਰਾਂ ਦੀਆਂ ਅਪਰਾਧਕ ਗਤੀਵਿਧੀਆਂ ਚ ਹੋ ਰਿਹਾ ਹੈ ।ਇਹ ਜਾਣ ਬੁੱਝ ਕੇ ਨਸਲੀ ਹਿੰਸਾਂ ਨੂੰ ਬੜਾਵਾ ਦੇ ਰਹੇ ਹਨ ਇਹ ਪੰਜਾਬ ਚ ਰਹਿ ਰਹੇ ਲੋਕਾਂ ਲਈ ਖਤਰੇ ਦੀ ਘੰਟੀ ਹੈ ਉਨ੍ਹਾ ਨੇ ਕਿਹਾ ਕਿ ਜਦੋਂ ਅਸੀ ਗੁਆਂਢੀ ਸੂਬੇ ਚ ਜਾ ਕੇ ਜ਼ਮੀਨ ਜਾਇਦਾਦ ਖ੍ਰੀਦ ਨਹੀ ਸਕਦੇ ਹਾਂ,ਫਿਰ ਪੰਜਾਬ ਸਰਕਾਰ ਅਜਿਹਾ ਕਨੂੰਨ ਕਿਉਂ ਨਹੀਂ ਬਣਾਉਂਦੀ ਹੈ ।ਜਿਸ ਦੇ ਨਾਲ ਪ੍ਰਵਾਸੀ ਲੋਕ ਜੋ ਕਿ ਬਾਹਰਲੇ ਸੂਬਿਆਂ ਚੋਂ ਇਥੇ ਕੰਮ ਕਰਨ ਲਈ ਆਉਂਦੇ ਹਨ,ਪਰ ਇਥੇਂ ਜ਼ਮੀਨਾਂ ਖਰੀਦ ਕੇ ਅਧਾਰ ਕਾਰਡ ਅਤੇ ਵੋਟਰ ਸ਼ਨਾਖਤੀ ਕਾਰਡ ਦੇ ਆਧਾਰ ਤੇ ਪੱਕੇ ਵਸਨੀਕ ਬਣਕੇ ਰਹਿ ਰਹੇ ਹਨ ।ਉਨ੍ਹਾ ਨੇ ਕਿਹਾ ਕਿ ਅਸੀਂ ਪੰਜਾਬ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਪੰਜਾਬ ਦੇ ਬਸ਼ਿੰਦਿਆਂ ਦੇ ਹਿੱਤਾਂ ਨੂੰ ਧਿਆਨ ਚ ਰੱਖਦਿਆਂ ਹੋਇਆਂ ਸੇਲ ਐਂਡ ਪਰਚੇਜ਼ ਐਕਟ ਚ ਲੋੜੀਂਦੀ ਸੋਧ ਕਰਕੇ ਪ੍ਰਵਾਸੀ ਭਾਈਚਾਰੇ ਦੇ ਪੰਜਾਬ ਚ ਜ਼ਮੀਨਾਂ ਖਰੀਦਣ ਤੇ ਪੱਕੇ ਤੌਰ ਤੇ ਪਾਬੰਦੀ ਲੱਗੇ ਉਨ੍ਹਾ ਨੇ ਕਿਹਾ ਕਿ ਸਿਆਸੀ ਲਾਣੇ ਨੇ ਸੋੜ੍ਹੇ ਸਿਆਸੀ ਹਿੱਤਾਂ ਦੀ ਪੂਰਤੀ ਖਾਤਰ ਪ੍ਰਵਾਸੀ ਮਜਦੂਰਾਂ ਦੀਆਂ ਵੋਟਾਂ ਅਤੇ ਸ਼ਨਾਖਤੀ ਕਾਰਡ ਆਪਣੇ ਪਤਿਆਂ ਤੇ ਬਣਾ ਕਿ ਦਿੱਤੇ ਹਨ ਉਨ੍ਹਾ ਨੇ ਆਪਣੇ ਪੱਤਰ ਚ ਸਰਕਾਰ ਤੋਂ ਮੰਗ ਕੀਤੀ ਹੈ ਕਿ ਪ੍ਰਵਾਸੀ ਲੇਬਰ ਨੂੰ 3 ਮਹੀਨੇ ਦਾ ਵਰਕ ਪਰਮਿਟ ਦਿੱਤੇ ਜਾਣ ਦੀ ਵਿਵਸਥਾ ਕੀਤੀ ਜਾਵੇ ਅਤੇ ਉਨ੍ਹਾ ਦੂ ਕਮਾਈ ਚੋਂ ਸੂਬੇ ਦੇ ਵਿਕਾਸ ਲਈ ਟੈਕਸ ਦੀ ਵਸੂਲੀ ਕੀਤੀ ਜਾਵੇ ।ਜੋ ਵੀ ਪ੍ਰਵਾਸੀ ਇਥੇਂ ਕੰਮ ਦੇ ਉਦੇਸ਼ ਲਈ ਆਉਂਦੇ ਹਨ ਉਨ੍ਹਾ ਦਾ ਵੇਰਵਾ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ ਦੇ ਦਫਤਰਾਂ ਚ ਦਰਜ ਹੋਵੇ। ਉਨ੍ਹਾ ਦੀ ਸ਼ਨਾਖਤ ਉਨ੍ਹਾ ਦੇ ਸਟੇਟ ਦੇ ਰਿਹਾਈਸ਼ੀ ਪਤਿਆਂ ਤੇ ਹੀ ਦਰਜ ਹੋਵੇ ।ਪੰਜਾਬ ਚ ਪ੍ਰਵਾਸੀ ਵਿੰਗ ਦੀਆਂ ਸੇਵਾਂਵਾਂ ਪ੍ਰਾਪਤ ਕੀਤੀਆਂ ਜਾਣ ।ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਪੰਜਾਬ ਚ ਪ੍ਰਵਾਸੀਆਂ ਦੀ ਆਮਦ ਮੌਕੇ ਪੁਲੀਸ ਵਿਭਾਗ ਉਨ੍ਹਾ ਦਾ ਅਪਰਾਧਿਕ ਰਿਕਾਰਡ ਚੈੱਕ ਕਰਨ ਤਾਂ ਕਿ ਉਹ ਇਥੇਂ ਆ ਕੇ ਪੰਜਾਬ ਦੀ ਅਮਨ ਅਤੇ ਸ਼ਾਂਤੀ ਲਈ ਖਤਰਾ ਨਾ ਬਣ ਸਕੇ।



ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੂਆਰਾ ਬਾਰੇ ਕੇ ਸੋਹੋ ਹਿਲ ਹੋਕਲੀ ਦੇ ਸੇਵਾਦਾਰ ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ ਦੇ ਸਤਿਕਾਰਯੋਗ ਪਿਤਾ ਪਰਗਟ ਸਿੰਘ ਜੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਵਾ

ਫ਼ਿਰੋਜ਼ਪੁਰ, 17 ਨਵੰਬਰ (ਮਨੋਹਰ ਲਾਲ) :— ਗੁਰਦੁਆਰਾ ਬਾਬੇ ਕੇ ਸੋਹੋ ਹਿਲ ਹੋਕਲੀ ਦੇ ਸੇਵਾਦਾਰ ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ ਦੇ ਸਤਿਕਾਰਯੋਗ ਪਿਤਾ ਪਰਗਟ ਸਿੰਘ ਜੀ ਦੇ ਅਕਾਲ ਚਲਾਣੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਗੁਰਦੁਆਰਾ ਬਾਬੇ ਕੇ ਸੋਹੋ ਹਿਲ ਹੋਕਲੀ ਬਰਮਿੰਘਮ ਯੂ.ਕੇ ਦੇ ਸੇਵਾਦਾਰ ਜ਼ਸਵਿੰਦਰ ਸਿੰਘ ਕਾਲਾ ਬਰਮਿੰਘਮ ਯੂ.ਕੇ ਜ਼ੋ ਕਿ ਆਪਣੇ ਲੜਕੇ ਸਿਮਰਨਪਾਲ ਸਿੰਘ ਧੰਜਲ ਦੇ ਵਿਆਹ ਤੇ ਭਾਰਤ ਪੰਜਾਬ ਆਏ ਹੋਏ ਸੀ ਤਾਂ ਮਨਜੀਤ ਸਿੰਘ ਭੋਗਲ ਦੇ ਸਤਿਕਾਰਯੋਗ ਪਿਤਾ ਸ: ਪਰਗਟ ਸਿੰਘ ਜੀ ਜ਼ੋ ਮੇਰੇ ਅੰਕਲ ਵੀ ਹਨ, ਅਕਾਲ ਚਲਾਣੇ ਕਰ ਜਾਣ ਤੇ ਮੈਨੂੰ ਬਹੁਤ ਦੁੱਖ ਹੋਇਆ ਹੈ, ਜ਼ੋ ਕਿ ਮੈਂ ਬਿਆਨ ਨਹੀਂ ਕਰ ਸਕਦਾ ਅਤੇ ਮੈਂ ਫੋਰਨ ਹੀ ਪਰਿਵਾਰ ਸਮੇਤ ਬਰਮਿੰਘਮ ਯੂ.ਕੇ ਲਈ ਰਵਾਨਾ ਹੋ ਰਿਹਾ ਹਾਂ। ਇਹ ਕਿ ਮਨਜੀਤ ਸਿੰਘ ਭੋਗਲ ਜ਼ੋ ਕਿ ਸਾਰਾ ਪਰਿਵਾਰ ਮੇਰੇ ਲੜਕੇ ਦੀ ਸ਼ਾਦੀ ਵਿਚ ਆਇਆ ਹੋਇਆ ਸੀ ਅਤੇ ਹੁਣ ਸਾਰਾ ਪਰਿਵਾਰ ਹੀ ਜਲਦੀ ਤੋਂ ਜਲਦੀ ਇੰਗਲੈਂਡ ਬਰਮਿੰਘਮ ਜਾ ਰਹੇ ਹਾਂ ਮੈਂ ਅਤੇ ਗੁਰਦੁਆਰਾ ਬਾਬੇ ਕੇ ਸੋਹੋ ਹਿਲ ਹੋਕਲੀ ਅਤੇ ਸਮੂਹ ਬਾਬੇ ਕੇ ਫਾਰਮ ਦੇ ਸਮੂਹ ਅਹੁਦੇਦਾਰ ਅਤੇ ਮੈਂਬਰਾਂ ਵੱਲੋਂ ਵਾਹਿਗੁਰੂ ਸੱਚੇ ਪਾਤਸ਼ਾਹ ਅੱਗੇ ਅਰਦਾਸ ਬੇਨਤੀ ਕਰਦੇ ਹਾਂ ਕਿ ਵਾਹਿਗੁਰੂ ਸੱਚੇ ਪਾਤਸ਼ਾਹ ਸ: ਪਰਗਟ ਸਿੰਘ (ਅੰਕਲ) ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ, ਰਿਸ਼ਤੇਦਾਰ, ਮਿੱਤਰਾਂ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਉਨ੍ਹਾਂ ਦਾ ਅੰਤਿਮ ਸੰਸਕਾਰ 23 ਨਵੰਬਰ ਸੈਂਡਵੇਲੀ ਫਿਊਨਰਲ ਬਰਮਿੰਘਮ ਇੰਗਲੈਂਡ ਵਿਖੇ ਹੋਵੇਗਾ।

ਆਵਾਜ਼ਿ ਕੌਮ AWAZE QAUM International Newspaper & WEB TV